# ਦੇਸ਼ ਦੁਆਬਾ

VOL -2 ISSUE -11& 12
September 01-15,-16-30, 2013

www.deshdoaba.com
www.ambedkartimes.com




ਸੈਕਰਾਮੈਂਟੋ ਵਿਖੇ ਗਲੋਬਲ ਪੰਜਾਬ ਟੀ. ਵੀ. ਚੈਨਲ ਦੇ ਸਟੂਡੀਓ ਦੇ ਉਦਘਾਟਨ ਸਮਾਰੋਹ ਦੌਰਾਨ ਗਲੋਬਲ ਪੰਜਾਬ ਟੀ. ਵੀ. ਦੇ ਸੀ ਈ ਓ ਜਸਪਾਲ ਸ਼ੇਤਰਾ, ਡਾਇਰੈਕਟਰ ਸ੍ਰੀ ਸੁਨੀਲ ਹਾਲੀ ਅਤੇ ਬੀਬੀ ਆਸ਼ਾ ਸ਼ਰਮਾ ਦਰਸਕਾਂ ਨੂੰ ਸੰਬੋਧਨ ਕਰਦੇ ਹੋਏ।


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 510-219-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਸੈਕਰਾਮੈਂਟੋ ਵਿਖੇ ਇੰਟਰਨੈਸ਼ਨਲ ਕਬੱਡੀ ਕੱਪ ਨੇ ਬੰਨਿਆ ਰੰਗ






ਬਾਕੀ ਦੇਖੋ ਸਫਾ 7 ਤੇ




## ਪ੍ਰਚਾਰ ਮਿਸ਼ਨ ਅਧਿਆਤਮਕਵਾਦ ਵੱਲ ਮੋੜਨ ਲਈ ਯਤਨਸ਼ੀਲ



**ਸੈਲਮਾ (ਕੈਲੀਫੋਰਨੀਆ) (ਪ੍ਰਮਿੰਦਰ ਸਿੰਘ ਪ੍ਰਵਾਨਾ)–** ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਦੇ ਕਵੀਆਂ ਨੇ ਹਫਤਾਵਾਰੀ ਧਾਰਮਿਕ ਕਵੀ ਦਰਬਾਰਾਂ ਰਾਹੀਂ ਸੰਗਤਾਂ ਨੂੰ ਅਧਿਆਤਮਕਵਾਦ ਨਾਲ ਜੋੜਨ ਦਾ ਬੀੜਾ ਚੁੱਕਿਆ ਹੈ ਅਤੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਧਾਰਮਿਕ ਕਵੀ ਦਰਬਾਰਾਂ ਨੂੰ ਗੁਰਦੁਆਰਿਆਂ ਵਿਚ ਵਿਸ਼ੇਸ਼ ਥਾਂ ਦਿਵਾਈ ਹੈ। ਇਸੇ ਲਈ ਤਾਂ ਉਨੀਵਾਂ ਧਾਰਮਿਕ ਕਵੀ ਦਰਬਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਵਿਖੇ ਬੜੀ ਸਫਲਤਾ ਨਾਲ ਸੰਪੰਨ ਹੋਇਆ ਹੈ। ਪਿਛੋਕੜ ਇਤਿਹਾਸ ਅਨੁਸਾਰ ਗੁਰਦੁਆਰਾ 2003 ਵਿਚ ਲੱਗਭੱਗ 8 ਏਕੜ ਵਿਚ ਸਥਾਪਤ ਹੋਇਆ ਹੈ। ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੋ ਕੇ ਬਰਾਬਰਤਾ ਵਿਚ ਵਿਸ਼ਵਾਸ ਰੱਖ ਕੇ ਗੁਰਦੁਆਰੇ ਆਉਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਆਉਂਦੇ ਸਾਰੇ ਪੁਰਬ ਆਏ ਜਾਂਦੇ ਹਨ। ਹਫਤਾਵਾਰੀ ਦਿਵਸ ਸਜਾਏ ਜਾਂਦੇ ਹਨ। ਹੋਰ ਵਧੇਰੇ ਪ੍ਰੋਗਰਾਮ ਉਲੀਕਣ ਲਈ ਯਤਨ ਜਾਰੀ ਹਨ। "ਪ੍ਰਭ ਮਿਲਨੇ ਕਾ ਚਾਓ" ਦੇ 3-4 ਪ੍ਰੋਗਰਾਮ ਪੇਸ਼ ਹੋ ਚੁੱਕੇ ਹਨ। ਧਾਰਮਿਕ ਕਵੀ ਦਰਬਾਰਾਂ ਨੂੰ ਵੀ ਵਿਸ਼ੇਸ ਥਾਂ ਦਿੱਤੀ ਜਾਵੇਗੀ। ਪ੍ਰਬੰਧਕਾਂ ਵਿਚ ਗੁਰਬਚਨ ਸਿੰਘ ਚੇਅਰਮੈਨ, ਰਾਮ ਲੋਕ ਪ੍ਰਧਾਨ, ਬਲਵੰਤ- ਮੀਤ ਪ੍ਰਧਾਨ, ਮਨੋਜ- ਕੈਸ਼ੀਅਰ, ਭਾਈ ਅਵਤਾਰ ਸਿੰਘ ਗ੍ਰੰਥੀ ਸਿੰਘ, ਰਾਜਿੰਦਰ ਸਿੰਘ ਸਟੇਜ ਸਕੱਤਰ, ਭਾਈ ਹਰਬਿਲਾਸ ਸਿੰਘ ਕੀਰਤਨੀਏ ਹਨ। ਪ੍ਰਬੰਧਕਾਂ ਵੱਲੋਂ ਪ੍ਰੈਸ ਵਿਚ ਅਗਾਊ ਸੂਚਨਾ ਦੇ ਕੇ ਮਿਸ਼ਨ ਦੇ ਕਵੀਆਂ ਨੂੰ ਧਾਰਮਿਕ ਕਵੀ ਦਰਬਾਰ ਵਿਚ ਸੱਦਾ ਦਿੱਤਾ ਗਿਆ, ਜਿਸ ਵਿਚ ਮਿਸ਼ਨ ਦੇ ਕਵੀਆਂ ਨੇ ਜੋਸ਼ੀਲੀਆਂ ਧਾਰਮਿਕ ਇਤਿਹਾਸ ਨਾਲ ਲਬਰੇਜ਼ ਕਵਿਤਾਵਾਂ ਕੀਤੀਆਂ। ਕਵੀ ਸ਼ਾਮਲ ਸਨ- ਤਰਸੇਮ ਸਿੰਘ ਸੁਮਨ, ਬੀਬੀ ਗੁਰਦੇਵ ਕੌਰ, ਪ੍ਰਮਿੰਦਰ ਸਿੰਘ ਪ੍ਰਵਾਨਾ, ਪ੍ਰੋ. ਸੁਰਜੀਤ ਸਿੰਘ ਨਨੂਆ, ਜਸਦੀਪ ਸਿੰਘ ਫਰੀਮਾਂਟ, ਸਥਾਨਕ ਗੁਰਦੁਆਰਾ ਵੱਲੋਂ ਵੀ ਕਵੀ ਸ਼ਾਮਲ ਹੋਏ, ਜਿਹਨਾਂ ਨੇ ਸਭਿਆਚਾਰਕ ਅਤੇ ਸਮਾਜਿਕ ਵਖਰੇਵੇਂ ਤੇ ਚਿੰਤਾ ਪ੍ਰਗਟਾਉਂਦਿਆਂ ਵਡਮੁੱਲੀਆਂ ਰਚਨਾਵਾਂ ਕਹੀਆਂ। (ਬਾਕੀ ਸਫਾ 3 ਤੇ)

## ਸਮਾਧਾਂ ਅਤੇ ਜਠੇਰਿਆਂ ਦੇ ਸਥਾਨਾਂ 'ਤੇ ਨਹੀ ਹੋਵੇਗਾ ਗੁਰੂ ਗ੍ਰੰਥ ਸਾਹਿਬ ਦਾ ਪਾਠ

ਅੰਮ੍ਰਿਤਸਰ— ਸ਼੍ਰੀ ਅਕਾਲ ਤਖਤ ਸਾਹਿਬ ਵਲੋਂ ਸੁਣਾਏ ਗਏ ਕਿ ਫੈਸਲੇ ਅਨੁਸਾਰ ਹੁਣ ਸਮਾਧਾਂ, ਕਬਰਸਥਾਨਾਂ ਅਤੇ ਜਠੇਰਿਆਂ ਦੇ ਸਥਾਨਾਂ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਨਹੀਂ ਕਰਵਾਏ ਜਾ ਸਕਣਗੇ। ਇਸ ਸੰਬੰਧ 'ਚ ਸ਼੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਉਪਰੋਕਤ ਸਥਾਨਾਂ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਵਾਏਗਾ ਤਾਂ ਉਸਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।



ਉਨ੍ਹਾਂ ਇਹ ਵੀ ਕਿਹਾ ਕਿ ਜਿਨ੍ਹਾਂ ਘਰਾਂ 'ਚ ਪੱਕੇ ਤੌਰ 'ਤੇ ਸ਼ਰਾਬ ਦੇ ਬਾਰ ਬਣੇ ਹੋਏ ਹਨ ਜਾਂ ਜਿੱਥੇ ਅਕਸਰ ਮੀਟ-ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਹੁੰਦੀ ਹੈ, ਉੱਥੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਕੇ ਤੌਰ 'ਤੇ ਪ੍ਰਕਾਸ਼ ਨਹੀਂ ਕੀਤੇ ਜਾ ਸਕਣਗੇ। ਉਨ੍ਹਾਂ ਕਿਹਾ ਕਿ ਅਜਿਹਾ ਕਰਨ 'ਚ ਪਾਵਨ ਸਰਪਾਂ ਦੀ ਬੇਅਦਬੀ ਹੁੰਦੀ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸਿੰਘ ਸਾਹਿਬ ਨੇ ਇਹ ਵੀ ਕਿਹਾ ਹੈ ਕਿ ਸਿੱਖ ਧਰਮ ਨਾਲ ਸੰਬੰਧਤ ਮਰਿਆਦਾ ਹਰ ਹਾਲ 'ਚ ਕਾਇਮ ਰੱਖੀ ਜਾਵੇਗੀ। ਇਸ ਮੌਕੇ 'ਤੇ ਤਖਤ ਸ਼੍ਰੀ ਦਮਦਮਾ ਸਾਹਿਬ ਦੇ ਜੱਥਦਾਰ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਮੱਲ ਸਿੰਘ, ਤਖਤ ਸ਼੍ਰੀ ਪਟਨਾ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਅਤੇ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਵੀ ਸ਼ਾਮਲ ਸਨ।

## ਫਰਿਜ਼ਨੋ ਵਿਚ ਡਾ.ਮਮਤਾ ਜੋਸ਼ੀ ਨੇ ਸਭ ਦੇ ਮਨ ਮੋਹੇ



ਫਰਿਜ਼ਨੋ- ਪਿਛਲੇ ਦਿਨੀਂ ਡਾਂਟੇ ਕਲੱਬ ਫਰਿਜ਼ਨੋ ਵਿਖੇ ਡਾ. ਹਰਮੇਸ਼ ਕੁਮਾਰ ਵੱਲੋਂ ਆਯੋਜਿਤ 'ਆਵਜ਼-ਏ-ਸੂਫੀ' ਪ੍ਰੋਗਰਾਮ ਤਹਿਤ ਨਾਮਵਰ ਸੂਫੀ ਗਾਇਕਾ ਡਾ. ਮਮਤਾ ਜੋਸ਼ੀ ਨੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ। ਚੇਤਨ ਮੋਹਨ ਜੋਸ਼ੀ ਨੇ ਡਾ. ਮਮਤਾ ਜੋਸ਼ੀ ਦੀਆਂ ਸੰਗੀਤਕ ਉਪਲਬਧੀਆਂ ਦੀ ਜਾਣਕਾਰੀ ਦੇਣ ਉਪਰੰਤ ਦਰਸ਼ਕਾਂ ਦੀਆਂ ਤਾੜੀਆਂ ਵਿਚ ਡਾ. ਮਮਤਾ ਜੋਸ਼ੀ ਨੂੰ ਅਦਬ ਸਹਿਤ ਸਭ ਦੇ ਰੂਬਰੂ ਕੀਤਾ। ਮੁਹੰਮਦ ਬਖਸ਼ ਦੇ ਕੌਲਾਂ ਤੋਂ ਆਗਾਜ਼ ਕਰਕੇ ਲਗਾਤਾਰ ਢਾਈ ਘੰਟੇ ਤੋਂ ਵੀ ਵੱਧ ਵੱਖ

(ਬਾਕੀ ਸਫਾ 6 ਤੇ ਦੇਖੋ)

## ਮਿਸ ਅਮਰੀਕਾ ਨਾਲ ਭੋਜਨ ਕਰਨਗੇ ਓਬਾਮਾ ਅਤੇ ਮਨਮੋਹਨ



ਵਾਸ਼ਿੰਗਟਨ — ਇਕ ਸਾਬਕਾ ਚੋਟੀ ਦੇ ਅਮਰੀਕੀ ਰਾਜਦੂਤ ਨੇ ਆਸ ਪ੍ਰਗਟਾਈ ਹੈ ਕਿ ਰਾਸ਼ਟਰਪਤੀ ਬਰਾਕ ਓਬਾਮਾ ਜਦ ਆਉਣ ਵਾਲੇ ਸ਼ੁੱਕਰਵਾਰ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਲਈ ਦੁਪਹਿਰ ਦੇ ਭੋਜਨ ਦਾ ਆਯੋਜਨ ਕਰਨਗੇ ਤਾਂ ਉਹ ਦੇਸ਼ 'ਚ ਭਾਰਤੀ-ਅਮਰੀਕੀਆਂ ਦੇ ਯੋਗਦਾਨ ਨੂੰ ਪਛਾਣਦੇ ਹੋਏ ਹਾਲ ਹੀ 'ਚ ਮਿਸ ਅਮਰੀਕਾ ਬਣੀ ਭਾਰਤੀ ਮੂਲ ਦੀ ਸੁੰਦਰੀ ਨੀਨਾ ਦਾਵੁਲੂਰੀ ਨੂੰ ਵੀ ਸੱਦਾ ਦੇਣਗੇ। 24 ਸਾਲਾ ਨੀਨਾ ਪਹਿਲੀ ਭਾਰਤੀ ਅਮਰੀਕੀ ਹੈ ਜਿਸ ਨੂੰ ਮਿਸ ਅਮਰੀਕਾ ਦੇ ਖਿਤਾਬ ਨਾਲ ਨਿਵਾਜਿਆ ਗਿਆ ਹੈ।




MAJESTIC HOMES
RAMESH SUMAN
Broker Realtor
RCS-D™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
905 Corporate Way, Fremont, CA. 94539



SAROAY INVESTMENT REALTY
39039 Paseo Padre Parkway Suite # 205 Fremont, CA 94538
Ram Saroay
Broker
Office: (510) 742-8120, Fax: (510) 742-8121
ramsaroay@hotmail.com

Toll Free 1-866-FOR-RAJA
www.rajasweets.com
msbains@rajasweets.com
Follow us on:

# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Fresh Sweets, Snacks & Food
Catering for All occasions up to 10000 guests
Lunch - Dinner - Take Out - Banquets



## Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

## Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

### Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

### Catering Services:
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

### Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com



Nationwide®

# AUTO HOME LIFE

## BUNDLE & SAVE UPTO 25%

Let Nationwide combine your auto, home and life insurance policies. You'll get our famous On Your Side * service and you could save up to 25%. To learn more about combining your policies, call us today.

Nationwide* Insurance

**Manjinder S Jhamat**
Jhamat Insurance Agency
1743 Grand Canal Blvd. Suite 12
Stockton CA 95207
(209) 475-2071
jhamatm@nationwide.com



Manjinder S Jhamat


Products underwritten by Nationwide Mutual Insurance Company and Affiliated Companies, Columbus, OH, Subject to underwriting guidelines, review and approval. Nationwide, the Nationwide Framemark, and On Your Side are service marks of Nationwide Mutual Insurance Company, Saving compared to standalone price of each policy, based on national new customer data from May 2010. Availability and discounts vary by state and other factors. ADP-1230 (06/11)



IT'S TIME TO MAKE YOUR TRAVEL ARRANGEMENTS!

# World Wide Travels
CST #2078473-40

Lowest Airfares Guaranteed
CALL: (530) 674-4710




## Special Fares for:




*Our Services Include:*
- Airline Tickets
- Vacation Packages
- Passport Services
- Visa Services
- Bus Tickets (Delhi-Punjab)

and more!

ਅਗਰ ਤੁਸੀ ਇੰਡੀਆ ਜਾਣ ਲਈ ਸਸਤੀਆਂ ਟਿਕਟਾਂ
ਲੱਭ ਰਹੇ ਹੋ ਤਾ ਟਿਕਟ ਖ੍ਰੀਦਣ ਤੋ ਪਹਿਲਾਂ ਇੱਕ ਵਾਰ ਸਾਡੇ ਨਾਲ ਜਰੂਰ ਸੰਪਰਕ ਕਰੋ





CALL: (530) 674-4710
552 N. Palora Ave. Suite E · Yuba City, CA 95991
www.worldwidetrvls.com

AIR CHINA · AEROMEXICO · BRITISH AIRWAYS · Asiana Airlines · AmericanAirlines · AIR CANADA

# ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਸਮਾਜਿਕ ਸਭਿਆਚਾਰ ਨੂੰ ਅਧਿਆਤਮਕਵਾਦ ਵੱਲ ਮੋੜਨ ਲਈ ਯਤਨਸ਼ੀਲ

## ਉਨੀਵਾਂ ਧਾਰਮਿਕ ਕਵੀ ਦਰਬਾਰ ਸੰਪੰਨ

**ਸੈਲਮਾ (ਕੈਲੀਫੋਰਨੀਆ) (ਪ੍ਰਮਿੰਦਰ ਸਿੰਘ ਪ੍ਰਵਾਨਾ)–** ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਦੇ ਕਵੀਆਂ ਨੇ ਹਫਤਾਵਾਰੀ ਧਾਰਮਿਕ ਕਵੀ ਦਰਬਾਰਾਂ ਰਾਹੀਂ ਸੰਗਤਾਂ ਨੂੰ ਅਧਿਆਤਮਕਵਾਦ ਨਾਲ ਜੋੜਨ ਦਾ ਬੀੜਾ ਚੁੱਕਿਆ ਹੈ ਅਤੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਧਾਰਮਿਕ ਕਵੀ ਦਰਬਾਰਾਂ ਨੂੰ ਗੁਰਦੁਆਰਿਆਂ ਵਿਚ ਵਿਸ਼ੇਸ਼ ਥਾਂ ਦਿਵਾਈ ਹੈ। ਇਸੇ ਲਈ ਤਾਂ ਉਨੀਵਾਂ ਧਾਰਮਿਕ ਕਵੀ ਦਰਬਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਸੈਲਮਾ ਵਿਖੇ ਬੜੀ ਸਫਲਤਾ ਨਾਲ ਸੰਪੰਨ ਹੋਇਆ ਹੈ। ਪਿਛੋਕੜ ਇਤਿਹਾਸ ਅਨੁਸਾਰ ਗੁਰਦੁਆਰਾ 2003 ਵਿਚ ਲੱਗਭੱਗ 8 ਏਕੜ ਵਿਚ ਸਥਾਪਤ ਹੋਇਆ ਹੈ। ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੋ ਕੇ ਬਰਾਬਰਤਾ ਵਿਚ ਵਿਸ਼ਵਾਸ ਰੱਖ ਕੇ ਗੁਰਦੁਆਰੇ ਆਉਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਆਉਂਦੇ ਸਾਰੇ ਪੁਰਬ ਆਏ ਜਾਂਦੇ ਹਨ। ਹਫਤਾਵਾਰੀ ਦਿਵਸ ਸਜਾਏ ਜਾਂਦੇ ਹਨ। ਹੋਰ ਵਧੇਰੇ ਪ੍ਰੋਗਰਾਮ ਉਲੀਕਣ ਲਈ ਯਤਨ ਜਾਰੀ ਹਨ। "ਪ੍ਰਭ ਮਿਲਨੇ ਕਾ ਚਾਓ" ਦੇ 3-4 ਪ੍ਰੋਗਰਾਮ ਪੇਸ਼ ਹੋ ਚੁੱਕੇ ਹਨ। ਧਾਰਮਿਕ ਕਵੀ ਦਰਬਾਰਾਂ ਨੂੰ ਵੀ ਵਿਸ਼ੇਸ ਥਾਂ ਦਿੱਤੀ ਜਾਵੇਗੀ। ਪ੍ਰਬੰਧਕਾਂ ਵਿਚ ਗੁਰਬਚਨ ਸਿੰਘ ਚੇਅਰਮੈਨ, ਰਾਮ ਲੋਕ ਪ੍ਰਧਾਨ, ਬਲਵੰਤ- ਮੀਤ ਪ੍ਰਧਾਨ, ਮਨੋਜ- ਕੈਸ਼ੀਅਰ, ਭਾਈ ਅਵਤਾਰ ਸਿੰਘ ਗ੍ਰੰਥੀ ਸਿੰਘ, ਰਾਜਿੰਦਰ ਸਿੰਘ ਸਟੇਜ ਸਕੱਤਰ, ਭਾਈ ਹਰਬਿਲਾਸ ਸਿੰਘ ਕੀਰਤਨੀਏ ਹਨ। ਪ੍ਰਬੰਧਕਾਂ ਵੱਲੋਂ ਪ੍ਰੈਸ ਵਿਚ ਅਗਾਊ ਸੂਚਨਾ ਦੇ ਕੇ ਮਿਸ਼ਨ ਦੇ ਕਵੀਆਂ ਨੂੰ ਧਾਰਮਿਕ ਕਵੀ ਦਰਬਾਰ ਵਿਚ ਸੱਦਾ ਦਿੱਤਾ ਗਿਆ, ਜਿਸ ਵਿਚ ਮਿਸ਼ਨ ਦੇ ਕਵੀਆਂ ਨੇ ਜੋਸ਼ੀਲੀਆਂ ਧਾਰਮਿਕ ਇਤਿਹਾਸ ਨਾਲ ਲਬਰੇਜ਼ ਕਵਿਤਾਵਾਂ ਕੀਤੀਆਂ। ਕਵੀ ਸ਼ਾਮਲ ਸਨ- ਤਰਸੇਮ ਸਿੰਘ ਸੁਮਨ, ਬੀਬੀ ਗੁਰਦੇਵ ਕੌਰ, ਪ੍ਰਮਿੰਦਰ ਸਿੰਘ ਪ੍ਰਵਾਨਾ, ਪ੍ਰੋ. ਸੁਰਜੀਤ ਸਿੰਘ ਨਨੂਆ, ਜਸਦੀਪ ਸਿੰਘ ਫਰੀਮਾਂਟ, ਸਥਾਨਕ ਗੁਰਦੁਆਰਾ ਵੱਲੋਂ ਵੀ ਕਵੀ ਸ਼ਾਮਲ ਹੋਏ, ਜਿਹਨਾਂ ਨੇ ਸਭਿਆਚਾਰਕ ਅਤੇ ਸਮਾਜਿਕ ਵਖਰੇਵੇਂ ਤੇ ਚਿੰਤਾ ਪ੍ਰਗਟਾਉਂਦਿਆਂ ਵਡਮੁੱਲੀਆਂ ਰਚਨਾਵਾਂ ਕਹੀਆਂ। ਇਸ ਮੌਕੇ ਭਾਈ ਹਰਬਿਲਾਸ ਸਿੰਘ, ਮਸ਼ਹੂਰ ਲਿਖਾਰੀ ਅਜੇ ਤਨਬੀਰ ਉਰਫ ਪੀਟਾ ਚੰਦੋਲੀ, ਅਮਰ ਡਰੋਚ, ਕਵੀ ਸੂਦ ਸੈਕਰਾਮੈਂਟੋ ਤੋਂ ਆਦਿ। ਮੰਚ ਸੰਚਾਲਨ ਹਮੇਸ਼ਾ ਦੀ ਤਰ੍ਹਾਂ ਪ੍ਰਵਾਨਾ ਵੱਲੋਂ ਧਾਰਮਿਕ ਸੂਫੀ ਸ਼ਾਇਰੀ ਨਾਲ ਬਾਖੂਬ ਨਿਭਾਇਆ ਗਿਆ। ਪ੍ਰਬੰਧਕਾਂ ਨੇ ਮਹਿਸੂਸ ਕੀਤਾ ਕਿ ਇਕ ਸਾਂਝੇ ਉਦਮ ਨਾਲ ਸਾਰਥਕ ਧਾਰਮਿਕ ਕਵੀ-ਦਰਬਾਰ ਹੋ ਨਿੱਬੜਿਆ ਹੈ। ਜਿਸਦੀ ਅੱਗੇ ਤੋਂ ਵੀ ਸੰਗਤਾਂ ਨੂੰ ਉਡੀਕ ਰਹੇਗੀ। ਮਿਸ਼ਨ ਦੇ ਕਵੀਆਂ ਨੇ ਇਸ ਹੌਸਲੇ ਅਫਜ਼ਾਈ ਦਾ ਧੰਨਵਾਦ ਕਰਦਿਆਂ ਇਕ ਯਾਦਗਾਰੀ ਤਸਵੀਰ ਨਾਲ ਫਤਿਹ ਬੁਲਾਈ। ਮਿਸ਼ਨ ਵੱਲੋਂ ਧਾਰਮਿਕ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ।



ਮਿਸ਼ਨ ਕੋਲ ਦੁਰੇਡੇ ਜਾ ਕੇ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰ ਅਤੇ ਧਾਰਮਿਕ ਪ੍ਰੋਗਰਾਮ ਕਰਨ ਦੀ ਵਿਵਸਥਾ ਹੈ। ਵਧੇਰੇ ਜਾਣਕਾਰੀ ਲਈ (408) 661-3707, (510) 415-9377 ਜਾਂ (510) 781-0487 ਤੇ ਸੰਪਰਕ ਕੀਤਾ ਜਾ ਸਕਦਾ ਹੈ। ਯੋਗ ਪ੍ਰਬੰਧਕਾਂ ਵੱਲੋਂ ਅਜਿਹੇ ਸਫਲ ਧਾਰਮਿਕ ਕਵੀ ਦਰਬਾਰ ਕਰਵਾਉਣ ਦੀ ਹਮੇਸ਼ਾ ਆਸ ਰਹਿੰਦੀ ਹੈ।

# ਭਾਵਾਧਸ ਵਲੋਂ ਭਗਵਾਨ ਸ੍ਰੀ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੇ ਸਬੰਧ ਵਿੱਚ ਸ਼ੋਭਾ ਯਾਤਰਾ 17 ਅਕਤੂਬਰ ਨੂੰ

**ਲੁਧਿਆਣਾ– (ਪ੍ਰੀਤੀ ਸ਼ਰਮਾ)** ਭਾਰਤੀ ਵਾਲਮੀਕਿ ਧਰਮ ਸਮਾਜ (ਭਾਵਾਧਸ) ਇਸਲਾਮਗੰਜ ਯੂਨਿਟ ਦੀ ਵਿਸ਼ੇਸ਼ ਮੀਟਿੰਗ ਇਸਲਾਮਗੰਜ ਸਥਿਤ ਭਗਵਾਨ ਵਾਲਮੀਕਿ ਮੰਦਿਰ ਵਿਖੇ ਭਾਵਾਧਸ ਦੇ ਕੌਮੀ ਮੁੱਖ ਸੰਚਾਲਕ ਵਿਰੇਸ਼ ਵਿਜੈ ਦਾਨਵ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਭਾਵਾਧਸ ਦੇ ਕੌਮੀ ਨਿਰਦੇਸ਼ਕ ਵੀਰੋਤਮ ਲਕਸ਼ਮਣ ਦ੍ਰਵਿੜ ਅਤੇ ਕੌਮੀ ਸੰਚਾਲਕ ਵੀਰ ਸ੍ਰੇਸ਼ਠ ਚੌਧਰੀ ਯਸ਼ਪਾਲ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਸ਼੍ਰਿਟੀਕਰਤਾ ਭਗਵਾਨ ਸ੍ਰੀ ਵਾਲਮੀਕਿ ਜੀ ਮਹਾਰਾਜ ਜੀ ਦੇ ਪ੍ਰਗਟ ਦਿਵਸ ਦੇ ਮੌਕੇ 17 ਅਕਤੂਬਰ ਨੂੰ ਆਯੋਜਿਤ ਹੋਣ ਵਾਲੀ 24ਵੀਂ ਵਿਸ਼ਾਲ ਸੋਭਾ ਯਾਤਰਾ ਅਤੇ 18 ਅਕਤੂਬਰ ਨੂੰ ਪਾਵਨ ਵਾਲਮੀਕਿ ਤੀਰਥ ਸਥਲ ਤੇ ਆਯੋਜਿਤ ਹੋਣ ਵਾਲੇ ਸਮਾਗਮ ਦੀਆਂ ਤਿਆਰੀਆਂ ਦਾ ਜਾਇਜਾ ਲਿਆ ਗਿਆ ਅਤੇ ਭਾਵਾਧਸ ਦੇ ਵਰਕਰਾਂ ਨੂੰ ਸ਼ੋਭਾਯਾਤਰਾ ਅਤੇ ਸਮਾਗਮ ਨੂੰ ਸਫਲਤਾਪੂਰਵਕ ਆਯੋਜਿਤ ਕਰਨ ਲਈ ਜਿੰਮੇਦਾਰੀਆਂ ਸੌਂਪੀਆਂ ਗਈਆਂ। ਵੀਰ ਵਿਜੈ ਦਾਨਵ, ਵਿਰੋਤਮ ਲਕਸ਼ਮਣ ਦ੍ਰਵਿੜ ਅਤੇ ਵੀਰ ਸ੍ਰੇਸ਼ਠ ਚੌਧਰੀ ਯਸ਼ਪਾਲ ਨੇ ਸ਼ੋਭਾਯਾਤਰਾ ਦੀ ਰੂਪਰੇਖਾ ਅਤੇ ਰੂਟ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਦਰੇਸੀ ਮੈਦਾਨ ਤੋਂ ਸ਼ੁਰੂ ਹੋਣ ਵਾਲੀ ਵਿਸ਼ਾਲ ਸ਼ੋਭਾਯਾਤਰਾ ਵਿੱਚ ਪੰਜਾਬ ਦੇ ਮੁੱਖ ਮੰਤਰੀ, ਕੈਬਨਿਟ ਮੰਤਰੀ ਅਤੇ ਮਹਾਨਗਰ ਦੇ ਵੱਖ-ਵੱਖ ਰਾਜਨੀਤਿਕ, ਸਾਮਾਜਿਕ ਅਤੇ ਧਾਰਮਿਕ ਸੰਗਠਨਾਂ ਦੇ ਪ੍ਰਤਿਨਿਧੀਆਂ ਸਮੇਤ ਭਾਜਪਾ ਦੇ ਸੂਬਾ ਅਤੇ ਜਿਲਾ ਪੱਧਰੀ ਪ੍ਰਤਿਨਿਧੀ ਸ਼ਾਮਿਲ ਹੋ ਕੇ ਸ਼ੋਭਾ ਯਾਤਰਾ ਦੀ ਸ਼ੋਭਾ ਨੂੰ ਵਧਾਉਣਗੇ। ਭਾਵਾਧਸ ਦੇ ਜਿਲਾ ਖਜਾਨਤੀ ਵੀਰ ਵਿਜੇ ਗਿੱਲ ਨੇ ਮੀਟਿੰਗ ਵਿੱਚ ਆਏ ਭਾਵਾਧਸ ਦੇ ਕੌਮੀ, ਸੂਬਾ ਅਤੇ ਜਿਲਾ ਪੱਧਰੀ ਅਹੁਦੇਦਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਭਾਵਾਧਸ ਦੇ ਕੌਮੀ ਪ੍ਰਚਾਰ ਮੰਤਰੀ ਵੀਰਸ਼੍ਰੇਸ਼ਠ ਦੇਵਰਾਜ ਅਸੁਰ, ਕੌਮੀ ਕਾਰਜਕਾਰਣੀ ਮੈਂਬਰ, ਸੁਰਿੰਦਰ ਬਾਲੀ, ਪੰਜਾਬ ਇਕਾਈ ਦੇ ਕਨਵੀਨਰ ਵੀਰ ਰਾਜੇਸ਼ ਦੈਤਿਆ, ਵੀਰ ਅਸ਼ੋਕ , ਵਿਨੋਦ ਇਕਲਵਿਆ, ਵਿਪਨ ਕਲਿਆਣ, ਵੀਰ ਵਿਜੈ ਗਿਲ, ਵੀਰ ਅਰੁਣ ਗੋਗਲਾ, ਕਨੌਜ ਪ੍ਰਕਾਸ਼, ਮੋਨੀ ਬੈਂਸ, ਕਮਲ ਬਾਲੀ, ਪ੍ਰਿੰਸ ਸਿੱਧੂ, ਕਿਸ਼ਨ ਬੈਂਸ, ਰੋਬਿਨ ਅਟਵਾਲ, ਅਜੈ ਘਈ, ਰਾਜੂ ਸਭਰਵਾਲ, ਵੀਰ ਮੋਨੂੰ ਸਮੇਤ ਸੈਕੜੇ ਵਰਕਰਾਂ ਅਤੇ ਅਹੁਦੇਦਾਰ ਹਾਜਰ ਸਨ।

# ਜੇਲ੍ਹ ਮੰਤਰੀ ਸਰਵਣ ਸਿੰਘ ਫ਼ਿਲੌਰ ਦਾ ਯੂਥ ਅਕਾਲੀ ਦਲ ਵੱਲੋਂ ਭਰਵਾਂ ਸਵਾਗਤ

## ਪ੍ਰਵਾਸੀਆਂ ਨਾਲ ਪੰਜਾਬ 'ਚ ਹੁੰਦੀਆਂ ਵਧੀਕੀਆਂ ਰੋਕੀਆਂ ਜਾਣ-ਬੂਟਾ ਬਾਸੀ

**ਕੈਲੀਫੋਰਨੀਆ (ਬਿਊਰੋ)–** ਪਿਛਲੇ ਦਿਨੀਂ ਸ. ਸਰਵਣ ਸਿੰਘ ਫ਼ਿਲੌਰ ਜੇਲ੍ਹ ਮੰਤਰੀ ਪੰਜਾਬ ਸਰਕਾਰ ਕੈਲੀਫੋਰਨੀਆ (ਅਮਰੀਕਾ) ਦੇ ਦੌਰੇ 'ਤੇ ਆਏ ਜਿਨ੍ਹਾਂ ਨੂੰ ਜੀ ਆਇਆਂ ਆਖਣ ਲਈ ਸ਼੍ਰੋਮਣੀ ਅਕਾਲੀ ਦਲ ਯੂਥ ਕੈਲੀਫੋਰ-ਨੀਆ ਅਤੇ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਸੀਨੀਅਰ ਆਗੂਆਂ ਨੇ ਉਨ੍ਹਾਂ ਦੇ ਸਵਾਗਤ ਵਿੱਚ ਤਾਜ ਆਫ਼ ਇੰਡੀਆ ਰੈਸਟੋਰੈਂਟ ਵਿੱਚ ਦਾਅਵਤ ਦਿੱਤੀ। ਸਮਾਗਮ ਵਿੱਚ ਲਗਭਗ 150 ਦੇ ਕਰੀਬ ਯੂਥ ਅਕਾਲੀ ਦਲ ਅਮਰੀਕਾ ਦੇ ਵਰਕਰ ਵੀ ਸ਼ਾਮਿਲ ਹੋਏ। ਇਸ ਮੌਕੇ ਸ੍ਰ. ਅਣਖੀ ਨੇ ਕਿਹਾ ਕਿ ਬਾਹਰਲੇ ਦੇਸ਼ਾਂ ਵਿੱਚ ਲਗਭਗ 4-5 ਮੇਲੇ ਹਰ ਸਾਲ ਗ਼ਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਜਾਂਦੇ ਹਨ ਜਦ ਕਿ ਭਾਰਤ ਵਿੱਚ ਪੰਜਾਬ ਸਰਕਾਰ ਗ਼ਦਰੀ ਬਾਬਿਆਂ ਨੂੰ ਯਾਦ ਰੱਖਣ ਵਾਸਤੇ ਕੋਈ ਵੀ ਅਗਾਂਹ ਵੱਧੂ ਕਦਮ ਨਹੀਂ ਚੁੱਕ ਰਹੀ। ਬੁਲਾਰਿਆਂ ਨੇ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਬੇਨਤੀ ਕੀਤੀ ਕਿ ਰਾਜ ਨੂੰ ਡਰੱਗ ਮੁਕਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ੍ਰ. ਫ਼ਿਲੌਰ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਅਗੇ ਆਉਣ ਤੇ ਸਾਡੀ ਅਵਾਜ਼ ਪੰਜਾਬ ਸਰਕਾਰ ਤੱਕ ਪਹੁੰਚਾਉਣ। ਸਾਂਝੀ ਸੋਚ ਦੇ ਮੁੱਖ ਸੰਪਾਦਕ ਸ੍ਰੀ ਬੂਟਾ ਸਿੰਘ ਬਾਸੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਪੰਜਾਬ ਦਾ ਪ੍ਰਸ਼ਾਸਨ ਵਿਸ਼ੇਸ਼ ਤੌਰ 'ਤੇ ਪੰਜਾਬ ਪੁਲਿਸ ਪ੍ਰਵਾਸੀ ਪੰਜਾਬੀਆਂ ਨੂੰ ਇਕ ਮੁਰਗੇ ਦੀ ਨਜ਼ਰ ਨਾਲ ਦੇਖਦੀ ਹੈ ਤੇ ਪੰਜਾਬ ਗਏ ਐਨ. ਆਰ. ਆਈ ਭਰਾਵਾਂ ਨੂੰ ਵੱਧ ਤੋਂ ਵੱਧ ਲੁੱਟਿਆ ਜਾਂਦਾ ਹੈ ਤੇ ਖੱਜਲ ਖੁਆਰ ਕੀਤਾ ਜਾਂਦਾ ਹੈ। ਜਿਸ ਤਰ੍ਹਾਂ ਇਥੇ ਆਏ ਭਾਰਤੀਆਂ ਜਾਂ ਪੰਜਾਬੀਆਂ ਦਾ ਅਸੀਂ ਇਜ਼ਤ ਮਾਣ ਕਰਦੇ ਹਾਂ ਉਸੇ ਤਰ੍ਹਾਂ ਹੀ ਅਸੀਂ ਵੀ ਚਹੁੰਦੇ ਹਾਂ ਕਿ ਸਾਡਾ ਵੀ ਪੰਜਾਬ ਜਾਣ 'ਤੇ ਇਜਤ ਮਾਣ ਕੀਤਾ ਜਾਵੇ ਜਿਸ ਦੇ ਅਸੀਂ ਹੱਕਦਾਰ ਹਾਂ । ਉਨ੍ਹਾਂ ਨੇ ਜੇਲ੍ਹ ਮੰਤਰੀ ਨੂੰ ਬੇਨਤੀ ਕੀਤੀ ਕਿ ਪੰਜਾਬ ਪੁਲਿਸ ਦੇ ਪ੍ਰਸ਼ਾਸਨ ਨੂੰ ਸੁਧਾਰਿਆ ਜਾਵੇ ਤੇ ਪ੍ਰਵਾਸੀ ਭਾਰਤੀਆਂ ਦੀ ਹੋ ਰਹੀ ਲੁੱਟ ਖਸੁੱਟ ਨੂੰ ਰੋਕਿਆ ਜਾਵੇ। ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਆਗੂ ਸ੍ਰ ਕੁਲਵੰਤ ਸਿੰਘ ਖਹਿਰਾ ਨੇ ਪੰਜਾਬ ਸਰਕਾਰ ਦੀ ਤਰੀਫ ਕਰਦਿਆਂ ਕਿਹਾ ਕਿ ਪੰਜਾਬ ਵਿਚ ਐਨ ਆਰ ਆਈ ਭਰਾਵਾਂ ਲਈ ਵੱਖਰੇ ਥਾਣੇ ਬਣੇ ਹੋਏ ਹਨ ਤੇ ਪਹਿਲਾਂ ਜੋ ਸ਼ਕਾਇਤਾਂ ਐਸ. ਐਚ. ਓ. ਪੱਧਰ 'ਤੇ ਦਰਜ ਹੁੰਦੀਆਂ ਸਨ ਹੁਣ ਉਹ ਡੀ. ਸੀ. ਪੀ. ਲੈਵਲ 'ਤੇ ਦਰਜ ਹੁੰਦੀਆਂ ਹਨ। ਸਮਾਗਮ ਵਿਚ ਬੇਸ਼ਕ ਕੁਝ ਆਗੂਆਂ ਨੇ ਪੰਜਾਬ ਸਰਕਾਰ ਦੀ ਪ੍ਰਸੰਸਾ ਦੇ ਪੁਲ ਬੰਨ੍ਹੇ ਪਰ ਹਕੀਕਤ ਕੁਝ ਹੋਰ ਹੀ ਹੈ। ਬੈਸਟ ਸਰਵੇ ਮੁਤਾਬਕ ਇਹ ਪਤਾ ਲੱਗਾ ਹੈ ਕਿ ਪੰਜਾਬ ਵਿਚ ਪਹਿਲਾਂ ਨਾਲੋਂ ਐਨ. ਆਰ. ਆਈ ਭਰਾਵਾਂ ਦੀ ਲੁੱਟ ਖਸੁੱਟ ਵੱਧ ਚੁੱਕੀ ਹੈ। ਐਸ. ਐਚ. ਓ ਜਿਸ ਕੰਮ ਲਈ 10,000 ਰੁਪਏ ਮੰਗਦਾ ਸੀ ਹੁਣ ਉਸੇ ਹੀ ਕੰਮ ਦੇ ਡੀ. ਸੀ. ਪੀ. 50,000 ਰੁਪਏ ਲੈ ਕੇ ਕੰਮ ਕਰਦਾ ਹੈ। ਸਰਵੇ ਮੁਤਾਬਕ ਪੰਜਾਬ ਵਿਚ ਬਣੇ ਐਨ. ਆਰ. ਆਈ. ਥਾਣੇ ਪੰਜਾਬ ਸਰਕਾਰ ਦਾ ਡਰਾਮਾ ਹੈ। ਐਨ. ਆਰ. ਆਈ ਵੀਰਾਂ ਦੀ ਅੱਖੀਂ ਘੱਟਾ ਪਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਦੇ ਲੀਡਰ ਬਾਹਰਲੇ ਦੇਸ਼ਾਂ ਵਿਚ ਆਉਂਦੇ ਹਨ ਤਾਂ ਵੱਡੀਆਂ-ਵੱਡੀਆਂ ਡੀਂਗਾਂ ਮਾਰਦੇ ਹਨ ਕਿ ਅਸੀਂ ਐਨ. ਆਰ. ਆਈ ਭਰਾਵਾਂ ਲਈ ਇਹ ਕੁਝ ਕੀਤਾ ਉਹ ਕੁਝ ਕੀਤਾ ਹੈ ਪਰ ਇਹ ਸਭ ਕੋਰਾ ਝੂਠ ਹੈ। ਸਮਾਗਮ ਦੇ ਅੰਤ ਵਿਚ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਚੈਅਰਮੈਨ ਸ. ਹੈਰੀ ਗਿੱਲ, ਸ਼੍ਰੋਮਣੀ ਅਕਾਲੀ ਦਲ ਯੂਥ ਕੈਲੀਫੋਰ-ਨੀਆ ਦੇ ਪ੍ਰਧਾਨ ਸ. ਹਰਪ੍ਰੀਤ ਸਿੰਘ ਸਿੱਧੂ ਅਤੇ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਯੂਥ ਕੈਲੀਫੋਰਨੀਆ ਵਿਨੈ ਵੋਹਰਾ ਨੇ ਵਾਰੋ-ਵਾਰੀ ਆਏ ਹੋਏ ਸੱਜਣਾਂ ਦਾ ਅਤੇ ਸ. ਸਰਵਨ ਸਿੰਘ ਫ਼ਿਲੌਰ ਦਾ ਇਥੇ ਆਉਣ ਲਈ ਧੰਨਵਾਦ ਕੀਤਾ। ਇਸ ਸਮਾਗਮ ਦਾ ਸਾਰਾ ਇੰਤਜ਼ਾਮ ਸ਼੍ਰੋਮਣੀ ਅਕਾਲੀ ਦਲ ਯੂਥ ਕੈਲੀਫੋਰਨੀਆ ਦੇ ਪ੍ਰਧਾਨ ਸ. ਹਰਪ੍ਰੀਤ ਸਿੰਘ ਸਿੱਧੂ ਅਤੇ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਯੂਥ ਕੈਲੀਫੋਰਨੀਆ ਵਿਨੈ ਵੋਹਰਾ ਦੀ ਦੇਖ-ਰੇਖ ਹੇਠ ਹੋਇਆ।



# ਮਾਤਾ ਪ੍ਰੀਤਮ ਕੌਰ ਜੀ ਦੀ 11ਵੀਂ ਬਰਸੀ 22 ਸਤੰਬਰ ਨੂੰ ਮਨਾਈ ਜਾਵੇਗੀ

**ਯੂਬਾ ਸਿਟੀ (ਦਲਵਿੰਦਰ ਰੱਲ੍ਹ)–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੀਫੋਰਨੀਆ) ਵਿਖੇ ਗੁਰੂ ਘਰ ਦੀ ਕਮੇਟੀ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਦੇ ਪੂਜਨੀਕ ਸਵਰਗਵਾਸੀ ਮਾਤਾ ਪ੍ਰੀਤਮ ਕੌਰ ਰੱਲ੍ਹ ਸੁਪਤਨੀ ਸਵਰਗਵਾਸੀ ਪ੍ਰੀਤਮ ਦਾਸ ਰੱਲ੍ਹ ਜੀਦੀ 11ਵੀਂ ਬਰਸੀ 22 ਸਤੰਬਰ ਦਿਨ ਐਤਵਾਰ ਨੂੰ ਮਨਾਈ ਜਾਵੇਗੀ। ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਸ਼ੁੱਕਰਵਾਰ ਨੂੰ ਮਾਤਾ ਜੀ ਦੀ ਯਾਦ ਅੰਦਰ ਸਾਹਿਬ ਸ੍ਰੀ ਅਖੰਡ ਪਾਠ ਰਖਾਏ ਜਾਣਗੇ ਅਤੇ 22 ਸਤੰਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ ਅਤੇ ਉਸ ਉਪਰੰਤ ਰਾਗੀ ਜਥੇ ਗੁਰਬਾਣੀ ਦਾ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਮਾਤਾ ਜੀ ਪ੍ਰਤੀ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਨਗੇ।

ਰੱਲ੍ਹ ਪਰਿਵਾਰ ਵੱਲੋਂ ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਸਾਡੀ ਬੇਨਤੀ ਸਵੀਕਾਰ ਕਰਦਿਆਂ ਗੁਰੂ ਘਰ ਹਾਜ਼ਰੀਆ ਲਵਾਉਣ।

# ਇਹ ਵੀ ਰੋਟੀ ਦਾ ਜੁਗਾੜੂ ਹੈ! ਖਾਲਸਾ



**ਮਾਹਿਲਪੁਰ (ਸ਼ਿਵ ਕੁਮਾਰ ਬਾਵਾ)–** ਫਗਵਾੜਾ ਰੋਡ ਮਾਹਿਲਪੁਰ ਨੇੜੇ ਸਬ ਤਹਿਸੀਲ ਪ੍ਰਦੀਪ ਸਿੰਘ ਖਾਲਸਾ ਨੇ ਵੱਖ-ਵੱਖ ਤਰ੍ਹਾਂ ਦੇ ਜਾਨਵਰਾ ਨੂੰ ਵੇਚ ਕਿ ਆਪਣੀ ਰੋਟੀ ਦਾ ਜੁਗਾੜੂ ਕੀਤਾ ਹੋਇਆ ਹੈ । ਖਾਲਸੇ ਨੇ ਦੱਸਿਆ ਕਿ ਉਹ ਅਸਟ੍ਰੇਲੀਅਨ ਚਿੱਟੇ ਲਬ ਬਾਡ ਤੋਤੇ, ਅਟ੍ਰੇਲੀਅਨ ਚਿੜ੍ਹੀਆ, ਪਿੰਚ ਚਿੱੜੀ, ਹਰ ਕਿਸਮ ਦੇ ਕਬੂਤਰ, ਤਾਜ਼ ਤੇ ਠੀਕਰ ਨਸਲ ਦੇ ਮੁਰਗੇ, ਚਿੱਟੇ ਕਾਲੇ ਖਰਗੋਸ਼, ਗਿੱਨੀ ਖੋਰ ਚੂਹੇ, ਹਰੇਕ ਕਿਸਮ ਦੀਆ ਮੁਰਗੀਆ, ਹਰੇਕ ਨਸਲ ਦੇ ਕੁੱਤੇ ਵੇਚ ਕੇ, ਜਾਨਵਰਾ ਦੇ ਪਿੰਜਰੇ ਬਣਾ ਕੇ ਅਤੇ ਘੋੜਿਆ ਤੇ ਕੁੱਤਿਆ ਨੂੰ ਟਰੇਨਿੰਗ ਦੇ ਕੇ ਆਪਣੇ ਘਰ ਦਾ ਗੁਜਾਰਾ ਵਧੀਆ ਤਰੀਕੇ ਨਾਲ ਚਲਾ ਰਿਹਾ ਹਾ। ਉਨ੍ਹਾਂ ਨੇ ਕਿਹਾ ਕਿ ਉਹ ਸਦਾ ਅਕਾਲ ਪੁਰਖ ਦੀ ਰਜਾ ਵਿੱਚ ਰਹਿੰਦੇ ਹਨ।

# ਸਮੂਹਿਕ ਜ਼ਬਰ ਜਿਨਾਹ ਦੇ ਮਾਮਲੇ 'ਚ ਚਾਰਾਂ ਦੋਸ਼ੀਆਂ ਨੂੰ ਫ਼ਾਂਸੀ ਦੀ ਸਜ਼ਾ ਸੁਣਾ ਕੇ ਇਤਿਹਾਸ ਰਚਿਆ- ਘੇੜਾ




## ਅੰਬੇਦਕਰ ਸੈਨਾ ਇਸ ਫ਼ੈਸਲੇ ਦਾ ਪੁਰਜ਼ੋਰ ਸਵਾਗਤ ਕਰਦੀ ਹੈ

**ਫਗਵਾੜਾ (ਰੱਤੂ)–** ਦਿੱਲੀ 'ਚ 23 ਸਾਲਾ ਲੜਕੀ ਦਾਮਿਨੀ ਨਾਲ ਸਮੂਹਿਕ ਜ਼ਬਰ ਜਿਨਾਹ ਕਰਨ ਵਾਲੇ ਚਾਰ ਦੋਸ਼ੀਆਂ ਨੂੰ ਮਾਨਯੋਗ ਕੋਰਟ ਨੇ ਫ਼ਾਂਸੀ ਦੀ ਸਜ਼ਾ ਸੁਣਾ ਕੇ ਇਤਿਹਾਸ ਰਚਿਆ ਹੈ, ਜਿਸਦੀ ਜਿੰਨ੍ਹੀ ਪ੍ਰਸ਼ੰਸ਼ ਕੀਤੀ ਜਾਵੇ ਉਨੀ ਹੀ ਥੋੜ੍ਹੀ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅੰਬੇਦਕਰ ਸੈਨਾ ਪੰਜਾਬ ਦੇ ਚੇਅਰਮੈਨ ਰਜਿੰਦਰ ਘੇੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਘੇੜਾ ਨੇ ਕਿਹਾ ਕਿ ਇਸ ਫ਼ੈਸਲੇ ਨੂੰ ਲੈ ਕੇ ਸਮੁੱਚੇ ਦੇਸ਼ ਦੀਆਂ ਨਜ਼ਰਾਂ ਸਨ ਤੇ ਸਾਰੇ ਦੇਸ਼ ਵਾਸੀ ਇੱਕ ਹੀ ਮੰਗ ਕਰ ਰਹੇ ਸਨ ਕਿ ਜ਼ਬਰ ਜਿਨਾਹ ਦੇ ਸਾਰੇ ਦੋਸ਼ੀਆਂ ਨੂੰ ਫ਼ਾਂਸੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮਾਨਯੋਗ ਕੋਰਟ ਨੇ ਜੋ ਇਹ ਫ਼ੈਸਲਾ ਸੁਣਾਇਆ ਹੈ, ਉਹ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਲਿਖਿਆ ਜਾਵੇਗਾ। ਘੇੜਾ ਨੇ ਕਿਹਾ ਕਿ ਦਾਮਿਨੀ ਤੇ ਉਨ੍ਹਾਂ ਦੇ ਪਰਿਵਾਰ ਨੂੰ ਇਨਸਾਫ਼ ਮਿਲ ਗਿਆ। ਅੰਬੇਦਕਰ ਸੈਨਾ ਪੰਜਾਬ ਇਸ ਇਤਿਹਾਸਕ ਫ਼ੈਸਲੇ ਦਾ ਜ਼ੋਰਦਾਰ ਸਵਾਗਤ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਇਤਿਹਾਸਕ ਫ਼ੈਸਲੇ ਨਾਲ ਜ਼ਬਰ ਜਿਨਾਹ ਦੇ ਮਾਮਲਿਆਂ ਤੇ ਕਾਫੀ ਹੱਦ ਤੱਕ ਰੋਕ ਲੱਗੇਗੀ।

ਇਸ ਮੌਕੇ ਸੰਦੀਪ ਦੀਪਾ, ਮੌਂਟੀ ਮਹਿਮੀ, ਰਾਮ ਲੁਭਾਇਆ, ਜੁੱਗੂ ਮਹੇ, ਜਿੰਦਰ, ਸ਼ਿਵ ਕੁਮਾਰ, ਲਵਪ੍ਰੀਤ, ਰਮੇਸ਼, ਅਮਰਜੀਤ ਜੀਤਾ ਆਦਿ ਨੇ ਵੀ ਮਾਨਯੋਗ ਅਦਾਲਤ ਦੇ ਫ਼ੈਸਲੇ ਦਾ ਜ਼ੋਰਦਾਰ ਸ਼ਬਦਾਂ ਚ ਸਵਾਗਤ ਕੀਤਾ।

# ਪੰਜਾਬੀ ਅਦਬੀ ਸੰਗਤ ਵੱਲੋਂ ਕਨੇਡਾ ਵਿਖੇ ਗੁਰਮਤਿ ਸੰਗੀਤ ਅਤੇ ਤਾਂਤੀ ਸਾਜਾਂ ਦੇ ਉਸਤਾਦ ਜਸਵੰਤ ਸਿੰਘ ਕੁਲਾਰ ਦੀ ਪਹਿਲੀ ਜਨਮ ਸ਼ਤਾਬਦੀ ਤੇ ਭਰਵੇਂ ਤੇ ਸ਼ਾਨਦਾਰ ਸਮਾਗਮ ਨੇ ਸਿਖਰਾਂ ਛੋਹੀਆਂ

**ਸਰੀ (ਜਗਜੀਤ ਸਿੰਘ ਤੱਖਰ)-** ਸੱਤ ਸਮੁੰਦਰੋਂ ਪਾਰ ਕਨੇਡਾ ਵਿਖੇ ਸਿੱਖਾਂ ਦੇ ਗੜ੍ਹ ਸਰੀ ਵਿਚ ਸਾਹਿਤ ਅਤੇ ਸਭਿਆਚਾਰ ਨੂੰ ਸਮਰਪਿਤ ਪੰਜਾਬੀ ਅਦਬੀ ਸੰਗਤ ਲਿ-ਟਰੇਰੀ ਸੁਸਾਇਟੀ ਆਫ ਕਨੇਡਾ (ਰਜਿ) ਦੇ ਉੱਦਮ ਸਦਕਾ











ਗੁਰਮਤਿ ਸੰਗੀਤ ਅਤੇ ਤਾਂਤੀ ਸਾਜਾਂ ਦੇ ਉਸਤਾਦ ਜਸਵੰਤ ਸਿੰਘ ਕੁਲਾਰ ਦੀ ਪਹਿਲੀ ਜਨਮ ਸ਼ਤਾਬਦੀ 15 ਸਤੰਬਰ ਦਿਨ ਐਤਵਾਰ ਨੂੰ ਬਾਦ ਦੁਪਹਿਰ ਗਰੈਂਡ ਤਾਜ ਬੈਂਕੁਇਟ ਹਾਲ ਸਰੀ ਵਿਚ ਨੱਕੋ ਨੱਕ ਭਰੇ ਹਾਲ ਵਿਚ ਨਾਮਵਰ ਲੇਖਕਾਂ ਸੰਗੀਤਕਾਰਾਂ, ਬੁੱਧੀਜੀਵੀਆਂ, ਵਿਦਵਾਨਾਂ, ਚਿੰਤਕਾਂ, ਪੰਥ ਦਰਦੀਆਂ, ਸਿੱਖ ਸੰਸਥਾਵਾਂ ਦੇ ਚੋਣਵੇਂ ਪ੍ਰਤੀਨਿਧਾਂ, ਮੀਡੀਆ ਕਰਮੀਆਂ ਤੇ ਕੁਲਾਰ ਜੀ ਦਾ ਸਮੁੱਚਾ ਪਰਿਵਾਰ ਤੇ ਉਸਤਾਦ ਜੀ ਦੇ ਪ੍ਰੀਤਵਾਨਾਂ ਤੇ ਚਾਹੁਣ ਵਾਲਿਆਂ ਦਾ ਹੜ੍ਹ ਜਾਪਦਾ ਸੀ। ਸਮਾਗਮ ਦਾ ਆਰੰਭ ਸੰਸਥਾ ਦੇ ਰੂਹੇ ਰਵਾਂ ਜੈਤੇਗ ਸਿੰਘ ਆਨੰਤ, ਸਿੱਖ ਕੌਮ ਦੇ ਨਾਮਵਰ ਵਿਦਵਾਨ ਤੇ ਚਿੰਤਕ ਭਾਈ ਸਾਹਿਬ ਪਿੰਦਰਪਾਲ ਸਿੰਘ, ਅਮਰੀਕਾ ਤੋਂ ਪੁੱਜੇ ਅੰਜੀਮ ਹਸਤੀ ਪ੍ਰੋ. ਰਣਜੀਤ ਸਿੰਘ ਤੇ ਸੰਸਥਾ ਦੇ ਡਾਇਰੈਕਟਰ ਤੇ ਪੰਥ ਦਰਦੀ ਜਗਜੀਤ ਸਿੰਘ ਤੱਖਰ ਨੂੰ ਪ੍ਰਧਾਨਗੀ ਮੰਡਲ ਵਿਚ ਬੜੇ ਸਤਿਕਾਰ ਨਾਲ ਬਿਠਾਇਆ ਗਿਆ ਤੇ ਫੁੱਲਾਂ ਦੇ ਗੁਲਦਸਤਿਆਂ ਨਾਲ ਉਹਨਾਂ ਦਾ ਸਵਾਗਤ ਕੀਤਾ।

ਸੰਸਥਾ ਦੇ ਮੁਖੀ ਜੈਤੇਗ ਸਿੰਘ ਅਨੰਤ ਨੇ ਸਭ ਤੋਂ ਪਹਿਲਾਂ ਦੂਰੋਂ ਨੇੜਿਓਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ।ਇਸ ਸਮਾਗਮ ਦਾ ਮੁੱਖ ਮਨੋਰਥ, ਰੂਪ ਰੇਖਾ ਤੋਂ ਇਲਾਵਾ ਪੰਜਾਬੀ ਅਦਬੀ ਸੰਗਤ ਵੱਲੋਂ ਅਦਬ ਤੇ ਸਕਾਫ਼ਤ ਵਿਚ ਕੀਤੇ ਜਾ ਰਹੇ ਕਾਰਜਾਂ ਤੇ ਭਰਪੂਰ ਰੌਸ਼ਨੀ ਪਾਈ।ਉਹਨਾਂ ਸੰਗੀਤ ਦੇ ਉਸਤਾਦ ਤੇ ਨੇਤਰਹੀਣਾਂ ਦੇ ਮਸੀਹਾ ਉਸਤਾਦ ਭਾਈ ਜਸਵੰਤ ਸਿੰਘ ਜੀ ਦੇ ਜੀਵਨ, ਸ਼ੈਲੀ ਤੇ ਕਾਰਜਾਂ ਤੇ ਰੌਸ਼ਨੀ ਪਾਉਂਦੇ ਹੋਏ ਦੱਸਿਆ ਕਿ ਉਹਨਾਂ ਦਾ ਸਾਰਾ ਜੀਵਨ ਗੁਰਮਤਿ ਸੰਗੀਤ ਤੇ ਤਾਂਤੀ ਸਾਜਾਂ ਨੂੰ ਸਮਰਪਿਤ ਰਿਹਾ। ਹਜਾਰਾਂ ਦੀ ਗਿਣਤੀ ਵਿਚ ਉਹਨਾਂ ਸੰਗੀਤ ਪ੍ਰੇਮੀਆਂ ਨੂੰ ਸੰਗੀਤ ਦੀ ਦਾਤ ਦਿੱਤੀ। ਉਹਨਾਂ ਵੱਲੋਂ ਲਿਖੀ ਪੁਸਤਕ ਸੰਗੀਤ ਸਾਗਰ ਵਿਸ਼ਵ ਭਰ ਵਿਚ ਮਕਬੂਲ ਹੋਈ। ਉਹ ਪੰਜਾਬ ਦੀ ਮਸ਼ਹੂਰ ਸੰਗੀਤ ਟਕਸਾਲ ਦੌਧਰ (ਜਿਲਾ ਮੋਗਾ)ਦੇ ਮੋਢੀਆਂ ਵਿਚੋਂ ਇਕ ਸਨ। ਉਹ ਗਿਆਨ ਦਾ ਸੋਮਾ ਤੇ ਗੁਰਮਤਿ ਸੰਗੀਤ ਦਾ ਵਗਦਾ ਦਰਿਆ ਸੀ। ਉਸਤਾਦ ਜੀ ਦੇ ਅੱਤ ਨੇੜਲੇ ਸ਼ਗਿਰਦ ਗਿ. ਸਰਵਣ ਸਿੰਘ ਜੀ ਜਿਹਨਾਂ ਦਾ ਨਾਂ ਵਿਸ਼ਵ ਭਰ ਵਿਚ 'ਲੰਮੇ ਦਾਹੜੇ' ਕਾਰਨ ਗਿੰਨੀ ਬੁਕਸ ਵਿਚ ਦਰਜ ਹੈ, ਨੇ ਆਪਣੇ ਉਸਤਾਦ ਰਾਗੀ ਜਸਵੰਤ ਸਿੰਘ ਜੀ ਦੀਆਂ ਨਿੱਘੀਆਂ ਯਾਦਾਂ ਦੇ ਝਰੋਖੇ ਵਿਚੋਂ ਅਨੇਕਾਂ ਰਹੱਸਮਈ ਕੜੀਆਂ ਦੀਆਂ ਤੰਦਾਂ ਖੋਲ੍ਹੀਆਂ। ਉਹਨਾਂ ਕਿਹਾ ਕਿ ਜੋ ਕੁਝ ਵੀ ਮੈਂ ਹਾਂ ਇਸ ਸਮੇਂ ਹਾਂ ਇਹ ਸਭ ਕੁਝ ਉਹਨਾਂ ਦੀ ਬਦੌਲਤ ਹੀ ਹਾਂ।ਉਹਨਾਂ ਦੀ ਸੰਗੀਤ ਪ੍ਰਤੀ ਦੇਣ, ਉਹਨਾਂ ਦੀ ਕੰਠ ਸ਼ਕਤੀ, ਅਸੀਮ ਸੀ। ਉਹ ਇਕ ਦਿਆਲੂ, ਕ੍ਰਿਪਾਲੂ ਤੇ ਪਰਉਪਕਾਰੀ ਸਨ। ਉਹ ਤਾਂਤੀ ਸਾਜਾਂ ਦੇ ਪਿਤਾਮਾ ਸਨ।ਇਸੇ ਤਰ੍ਹਾਂ ਕੈਲੇਫੋਰਨੀਆ ਤੋਂ ਸੁਰ ਸਾਜ ਦੇ ਨਾਮਵਰ ਕਲਾਕਾਰ ਪ੍ਰੋ. ਰਣਜੀਤ ਸਿੰਘ ਨੇ ਉਸਤਾਦ ਜੀ ਦੀ ਸ਼ਖਸੀਅਤ ਨੂੰ ਭਰਪੂਰ ਅਕੀਦਤ ਭੇਂਟ ਕਰਦੇ ਹੋਏ ਕਿਹਾ ਕਿ ਅਜਿਹੇ ਉਸਤਾਦ ਵਿਰਲੇ ਹੀ ਹੁੰਦੇ ਹਨ ਜਿਹਨਾਂ ਦਾ ਸਮੁੱਚਾ ਜੀਵਨ ਪ੍ਰੇਰਨਾ ਸਰੋਤ ਸੀ।ਉਹ ਤਾਂਤੀ ਸਾਜਾਂ ਦੇ ਧਨੀ ਸਨ।ਭਾਵੇਂ ਉਹ ਨੇਤਰਹੀਣ ਸਨ ਪਰ ਉਹਨਾਂ ਦੀ ਯਾਦ ਸ਼ਕਤੀ ਤੇ ਕੰਠ ਸ਼ਕਤੀ ਅਸੀਮ ਸੀ।

ਸਮਾਗਮ ਵਿੱਚ ਇੰਡੀਆ ਤੋਂ ਪੁੱਜੇ ਨਾਮਵਰ ਵਿਦਵਾਨ ਤੇ ਚਿੰਤਕ ਭਾਈ ਸਾਹਿਬ ਪਿੰਦਰਪਾਲ ਸਿੰਗ ਜੀ ਨੇ ਉਸਤਾਦ ਜੀ ਦੇ ਜੀਵਨ ਪ੍ਰਤੀ ਬੜੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਗੁਰਮਤਿ ਸੰਗੀਤ ਪ੍ਰਤੀ ਉਹਨਾਂ ਦੀ ਦੇਣ, ਉੱਚੇ ਤੇ ਸੁੱਚੇ ਜੀਵਨ, ਗੁਰੂ ਘਰ ਨਾਲ ਸ਼ਰਧਾ ਤੇ ਪ੍ਰੀਤ, ਗੁਰਮਤਿ ਸੰਗੀਤ ਪ੍ਰਤੀ ਸਮੁੱਚਾ ਜੀਵਨ ਕੁਲਵਕਤੀ ਇਕ ਸੰਗੀਤ ਉਸਤਾਦ ਦੇ ਤੌਰ ਤੇ ਕੀਤਾ ਕਾਰਜ ਸਾਡੇ ਲਈ ਰੌਸ਼ਨ ਮੀਨਾਰ ਸੀ। ਉਹਨਾਂ ਦੇ ਤਾਂਤੀ ਸਾਜਾਂ ਤੇ ਗੁਰਮਤਿ ਸੰਗੀਤ ਦੇ ਪਿੜ ਵਿਚ ਜੋ ਪੈੜਾਂ ਪਾਈਆਂ ਉਸਦਾ ਬਦਲ ਅਜੇ ਤੱਕ ਕੋਈ ਨਹੀਂ ਹੋਇਆ। ਉਹ ਅੰਮ੍ਰਿਤ ਕੀਰਤਨ ਦਾ ਅਜਿਹਾ ਚਸ਼ਮਾ ਸੀ ਜਿਹਨਾਂ ਤੋਂ ਹਜਾਰਾਂ ਸਿਖਿਆਰਥੀਆਂ ਨੇ ਪਿਆਸ ਬੁਝਾਈ। ਉਹਨਾਂ ਦੀ ਜੀਵਨ ਦਾ ਕਣ ਕਣ ਸੰਗੀਤ ਨਾਲ ਜੁੜਿਆ ਸੀ। ਉਹ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਸਰੋਤ ਸਨ। ਇਹ ਖੁਸ਼ੀ ਦੀ ਗੱਲ ਹੈ ਕਿ ਸ. ਜੈਤੇਗ ਸਿੰਘ ਅਨੰਤ ਨੇ ਪੰਜਾਬੀ ਅਦਬੀ ਸੰਗਤ ਵੱਲੋਂ ਜਿਹੜਾ ਅੱਜ ਵੱਡੇ ਪੱਧਰ ਤੇ ਸਿਮਰਤੀ ਸਮਾਗਮ ਦਾ ਆਯੋਜਨ ਕੀਤਾ ਹੈ। ਉਹ ਇਕ ਅਤਿ ਸ਼ਲਾਘਾਯੋਗ ਕਦਮ ਹੈ ਸਾਨੂੰ ਆਪਣੇ ਪੁਰਖਿਆਂ, ਨਾਇਕਾਂ ਨੂੰ ਕਦੇ ਵੀ ਭੁੱਲਣਾ ਨਹੀਂ ਚਾਹੀਦਾ।ਉਹਨਾਂ ਸਭ ਨੂੰ ਮਾਂ ਬੋਲੀ ਪੰਜਾਬੀ ਨਾਲ ਜੁੜਨ ਲਈ ਵੀ ਹੰਭਲਾ ਮਾਰਨ ਹਿਤ ਜੋਰ ਦਿੱਤਾ।

ਉਸਤਾਦ ਜੀ ਦੇ ਸਪੁੱਤਰ ਹਰਕੀਰਤ ਸਿੰਘ ਕੁਲਾਰ ਨੇ ਆਪਣੇ ਪਿਤਾ ਦੀਆਂ ਅਨੇਕਾਂ ਅਜਿਹਾਂ ਘਟਨਾਵਾਂ ਦਾ ਜ਼ਿਕਰ ਕੀਤਾ ਜੋ ਸਾਡੇ ਜੀਵਨ ਲਈ ਇਕ ਨਵੀਂ ਸੇਧ ਤੇ ਨਵੀਂ ਰੂਹ ਫੂਕਦੀ ਹੈ।ਉਹਨਾਂ ਕਿਹਾ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅਨੇਕਾਂ ਹਜੂਰੀ ਰਾਗੀ ਹੋਏ ਹਨ ਜਿਹਨਾਂ ਸੰਗੀਤ ਦੀ ਵਿੱਦਿਆ ਮੇਰੇ ਪਿਤਾ ਜੀ ਪਾਸੋਂ ਲਈ ਹੈ। ਉਹਨਾਂ ਦਾ ਮਿਸ਼ਨ ਸੀ ਕਿ ਵੱਧ ਤੋਂ ਵੱਧ ਲੋਕਾਂ ਨੂੰ ਬਾਣੀ ਤੇ ਸੰਗੀਤ ਨਾਲ ਜੋੜਿਆ ਜਾਵੇ। ਉਹ ਅਜਿਹੀਆਂ ਗੁਰੁ ਕਾਲ ਵੇਲੇ ਦੀਆਂ ਬੰਦਸ਼ਾਂ ਤੇ ਤਾਲਾਂ ਨੂੰ ਕੀਰਤਨ ਦਰਬਾਰਾਂ ਵਿਚ ਪੇਸ਼ ਕਰਦੇ ਜੋ ਆਮ ਰਾਗੀ ਉਸਦੇ ਨੇੜੇ ਤੇੜੇ ਵੀ ਨਹੀਂ ਸਨ।ਸਾਡੇ ਲਈ ਉਹਨਾਂ ਦਾ ਸਮੁੱਚਾ ਜੀਵਨ ਮਾਰਗ ਦਰਸ਼ਨ ਤੇ ਗਿਆਨ ਦਾ ਸੋਮਾ ਸੀ।ਇਸ ਮੌਕੇ ਪੰਜਾਬੀ ਅਦਬੀ ਸੰਗਤ ਵੱਲੋਂ ਉਸਤਾਦ ਜਸਵੰਤ ਸਿੰਘ ਕੁਲਾਰ ਯਾਦਗਾਰੀ ਅਵਾਰਡ ਸ. ਹਰਕੀਰਤ ਸਿੰਘ ਕੁਲਾਰ ਨੂੰ ਭੇਂਟ ਕੀਤਾ ਗਿਆ।ਸ਼ੋਭਾ ਪੱਤਰ ਜਗਜੀਤ ਸਿੰਘ ਤੱਖਰ ਵੱਲੋਂ ਪੜ੍ਹਿਆ ਗਿਆ। ਅਵਾਰਡ ਵਿਚ ਇਕ ਸਾਈਟੇਸ਼ਨ, ਦਸਤਾਰ, ਲੋਈ ਤੇ ਯਾਦਗਾਰੀ ਚਿੰਨ, ਪੁਸਤਕਾਂ ਦਾ ਸੈਂਟ ਤੇ ਫੁੱਲਾਂ ਦਾ ਗੁਲਦਸਤਾ ਭਾਈ ਸਾਹਿਬ ਪਿੰਦਰਪਾਲ ਸਿੰਘ ਤੇ ਜੈਤੇਗ ਸਿੰਘ ਅਨੰਤ ਨੇ ਭੇਂਟ ਕੀਤਾ।ਉਸਤਾਦ ਜੀ ਦੀ ਸਪੁੱਤਰੀ ਬੀਬੀ ਕੁਲਵੰਤ ਕੌਰ ਨੂੰ ਵੀ ਇਕ ਸ਼ਾਲ ਤੇ ਫੁੱਲਾਂ ਦੇ ਗੁਲਦਸਤੇ ਨਾਲ ਸਨਮਾਨਿਤ ਕੀਤਾ।ਭਾਈ ਸਾਹਿਬ ਪਿੰਦਰਪਾਲ ਸਿੰਘ ਜੀ ਤੇ ਪ੍ਰੋ. ਰਣਜੀਤ ਸਿੰਘ ਨੂੰ ਜੈਤੇਗ ਸਿੰਘ ਅਨੰਤ ਨੇ ਪੰਜਾਬੀ ਅਦਬੀ ਸੰਗਤ ਵੱਲੋਂ ਇਕ ਦਸਤਾਰ, ਲੋਈ, ਪੁਸਤਕਾਂ ਦਾ ਸੈਂਟ ਤੇ ਫੁੱਲਾਂ ਦੇ ਗੁਲਦਸਤੇ ਨਾਲ ਜੈਕਾਰਿਆਂ ਦੀ ਗੂੰਜ ਵਿਚ ਸਨਮਾਨਿਤ ਕੀਤਾ।

ਇਸ ਅਵਸਰ ਤੇ ਸੰਸਥਾ ਦੇ ਮੁਖੀ ਜੈਤੇਗ ਸਿੰਘ ਅਨੰਤ ਨੇ ਇਕ ਮਤੇ ਰਾਹੀਂ ਸ਼੍ਰੋਮਣੀ ਗੁ. ਪ੍ਰ. ਕਮੇਟੀ ਅੰਮ੍ਰਿਤਸਰ ਵੱਲੋਂ ਸਿੱਖ ਅਜਾਇਬ ਘਰ ਵਿਚ ਗੁਰਮਤਿ ਸੰਗੀਤ ਦੇ ਬੇਸ਼ਕੀਮਤੀ ਹੀਰੇ ਰਾਗੀ ਜਸਵੰਤ ਸਿੰਘ ਕੁਲਾਰ ਜੀ ਦੀ ਇਕ ਤਸਵੀਰ (ਪੇਂਟਿੰਗ) ਲਾਉਣ ਲਈ ਮਤਾ ਰੱਖਿਆ ਜਿਸਦੀ ਤਾਈਦ ਸ. ਗੁਰਦੀਪ ਸਿੰਘ (ਸੇਵਾ ਮੁਕਤ) ਲੈਫ ਕਰਨਲ ਤੇ ਤਾਈਦ ਮਜੀਦ ਨਾਮਵਰ ਕਲਮ ਨਵੀਸ ਤੇ ਸੰਸਥਾ ਦੇ ਡਾਇਰੈਕਟਰ ਕੇਹਰ ਸਿੰਘ ਧਮੜੈਤ ਨੇ ਕੀਤੀ। ਜੈਕਾਰਿਆਂ ਦੀ ਗੂੰਜ ਵਿਚ ਰੱਖੇ ਗਏ ਮਤੇ ਨੂੰ ਪ੍ਰਵਾਨਗੀ ਦਿੱਤੀ ਗਈ।

ਸਮਾਗਮ ਦੇ ਆਰੰਭ ਵਿਚ ਮੇਜ ਤੇ ਸਸ਼ੋਭਿਤ ਗੁਰਮਤਿ ਸੰਗੀਤ ਦੇ ਉਸਤਾਦ ਜਸਵੰਤ ਸਿੰਘ ਕੁਲਾਰ ਦੇ ਪੋਰਟਰੇਟ(ਤਸਵੀਰ) ਨੂੰ ਨਾਮਵਰ ਤੇ ਉੱਘੀਆਂ ਸ਼ਖਸੀਅਤਾਂ ਨੇ ਫੁੱਲਾਂ ਦੇ ਗੁਲਦਸਤੇ ਤੇ ਹਾਰਾਂ ਨਾਲ ਅਕੀਦਤ ਭੇਂਟ ਕੀਤੀ। ਸਭ ਤੋਂ ਪਹਿਲਾਂ ਹਰਕੀਰਤ ਸਿੰਘ ਕੁਲਾਰ ਤੇ ਉਹਨਾਂ ਦੀ ਵੱਡੀ ਭੈਣ ਕੁਲਵੰਤ ਕੌਰ ਨੇ ਫੁੱਲਾਂ ਦੇ ਗੁਲਦਸਤੇ ਭੇਂਟ ਕੀਤੇ। ਇਸ ਤੋਂ ਮਗਰੋਂ ਭਾਈ ਪਿੰਦਰਪਾਲ ਸਿੰਘ ਤੇ ਪ੍ਰੋ. ਰਣਜੀਤ ਸਿੰਘ ਅਮਰੀਕਾ ਨੇ ਹਾਰ ਪਾ ਕੇ ਅਕੀਦਤ ਭੇਂਟ ਕੀਤੀ। ਇਸੇ ਤਰ੍ਹਾਂ ਹਰਭਜਨ ਸਿੰਘ ਅਠਵਾਲ, ਗਿਆਨ ਸਿੰਘ ਸੰਧੂ, ਰਜਿੰਦਰ ਸਿੰਘ ਧਾਲੀਵਾਲ, ਗਿ. ਨਰਿੰਦਰ ਸਿੰਘ ਨੇ ਮੁਖ ਸੇਵਾਦਾਰ ਖਾਲਸਾ ਦੀਵਾਨ ਗੁ. ਸੁਖਸਾਗਰ, ਗੁ. ਦਸ਼ਮੇਸ਼ ਦਰਬਾਰ, ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਡੈਲਟਾ, ਗੁ. ਦੁਖ ਨਿਵਾਰਨ ਸਰੀ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਸਤਿਕਾਰ ਭੇਂਟ ਕੀਤਾ। ਪੰਜਾਬੀ ਅਦਬੀ ਸੰਗਤ ਵੱਲੋਂ ਕੇਹਰ ਸਿੰਘ ਧਮੜੈਤ, ਜਗਜੀਤ ਸਿੰਘ ਤੱਖਰ, ਕਹਾਣੀਕਾਰ ਸ਼ਿੰਗਾਰ ਸਿੰਘ ਸੰਧੂ ਨੇ ਹਾਜਰੀ ਲਵਾਈ।ਗੁਰਦੀਪ ਸਿੰਘ ਲੈਫ ਕਰਨਲ (ਸੇਵਾ ਮੁਕਤ), ਗਿ. ਸਰਵਣ ਸਿੰਘ ਨੇ ਕਵਲਜੀਤ ਸਿੰਘ ਨੇ ਪੰਜਾਬ ਗਾਰਡੀਅਨ ਵੱਲੋਂ ਹਾਰ ਪਾ ਕੇ ਉਹਨਾਂ ਦੀ ਨਿੱਘੀ ਯਾਦ ਨੂੰ ਨਮਸਤਕ ਹੋਏ।

ਸਮਾਗਮ ਵਿਚ ਨਾਮਵਰ ਲੇਖਕ ਜੋਗਿੰਦਰ ਸ਼ਮਸ਼ੇਰ, ਪ੍ਰਿੰ.ਸਵਰਨ ਸਿੰਘ ਔਜਲਾ, ਬੀਬੀ ਗੁਰਦੀਸ਼ ਕੌਰ, ਪ੍ਰਿੰ. ਮਲੂਕ ਚੰਦ ਕਲੇਰ, ਅਮਰੀਕ ਸਿੰਘ ਲੇਹਲ, ਗੁਰਚਰਨ ਸਿੰਘ ਸੇਖੋਂ, ਪ੍ਰੋ. ਕੁਲਦੀਪ ਸਿੰਘ ਪੇਲੀਆ, ਕਰਤਾਰ ਸਿੰਘ ਸੰਧੂ (ਰੋਡੇ), ਸੁਤੇ ਆਹੀਰ, ਕੇਵਲ ਸਿੰਘ ਧਾਲੀਵਾਲ ਨੇ ਹਾਜਰੀ ਲਵਾਈ।ਪੱਤਰਕਾਰੀ ਤੇ ਮੀਡੀਆ ਖੇਤਰ ਵਿਚ ਸੁਖਮਿੰਦਰ ਚੀਮਾ, ਲਖਬੀਰ ਸਿੰਘ ਖੰਗੂਰਾ (ਪ੍ਰਵਾਸੀ), ਹਰਪ੍ਰੀਤ ਸਿੰਘ ਰੇਡੀਓ ਟੀ.ਵੀ ਹੋਸਟ, ਕੁਲਦੀਪ ਸਿੰਘ ਰੇਡੀਓ ਸ਼ੇਰੇ ਪੰਜਾਬ, ਕੰਵਲਜੀਤ ਸਿੰਘ, ਬਲਬੀਰ ਸਿੰਘ ਪੰਜਾਬ ਗਾਰਡੀਅਨ, ਅਮਰਜੀਤ ਸਿੰਘ ਟੀ.ਵੀ 84, ਸੰਗੀਤ ਦੇ ਖੇਤਰ ਵਿਚ ਗਿ. ਰੇਸ਼ਮ ਸਿੰਘ, ਗੁਰਦੇਵ ਸਿੰਘ ਫੁਲ, ਚਮਕੌਰ ਸਿੰਘ ਸੇਖੋਂ, ਦੀਦਾਰ ਸਿੰਘ ਸੋਹੀ ਤਬਲਵਾਦਕ ਵੀ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਪੁੱਜੇ ਹੋਏ ਸਨ। ਇਸ ਸਮੇਂ ਸ.ਸ਼ਿੰਗਾਰ ਸਿੰਘ ਸੰਧੂ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਾਈ ਗਈ। ਇਹਨਾਂ ਤੋਂ ਇਲਾਵਾ ਨਾਮਵਰ ਹਸਤੀਆਂ ਵਿਚ ਗੁਰਦੇਵ ਸਿੰਘ ਬਾਠ, ਸੁਰਜੀਤ ਸਿੰਘ ਕੋਹਲੀ ਗੁਰ ਆਸਰਾ ਟਰੱਸਟ, ਜੋਗਿੰਦਰ ਸਿੰਘ ਜੌਹਲ, ਸੁਖਜਿੰਦਰ ਸਿੰਘ ਗਰੇਵਾਲ, ਡਾ. ਭਰਪੂਰ ਸਿੰਘ, ਡਾ. ਗੁਰਜੀਤ ਸਿੰਘ ਮੈਕੰਜੀ, ਡਾ. ਪ੍ਰਮਿੰਦਰ ਸਿੰਘ ਮਾਂਗਟ ਵਰਗੀਆਂ ਭਾਈਚਾਰੇ ਦੀਆਂ ਉੱਘੀਆਂ ਸ਼ਖਸੀਅਤਾਂ ਦਾ ਠਾਠਾਂ ਮਾਰਦਾ ਸਮੁੰਦਰ ਨੇ ਗੁਰਮਤਿ ਸੰਗੀਤ ਦੇ ਉਸਤਾਦ ਜਸਵੰਤ ਸਿੰਘ ਕੁਲਾਰ ਦਾ ਯਾਦਗਾਰੀ ਸਮਾਗਮ ਅਮਿਟ ਯਾਦਾਂ ਛੱਡਦਾ ਹੋਇਆ ਸਫਲਤਾ ਪੂਰਵਕ ਨੇਪਰੇ ਚੜਿਆ।

## ਭਾਰਤੀ ਮੂਲ ਦੀ ਅਮਰੀਕੀ ਨੀਨਾ ਦਾਵੂਲੁਰੀ ਨੇ ਮਿਸ ਅਮਰੀਕਾ 2014 ਦਾ ਖਿਤਾਬ ਆਪਣੇ ਨਾਂ ਕਰ ਲਿਆ

ਨਿਊਯਾਰਕ—ਭਾਰਤੀ ਮੂਲ ਦੀ ਅਮਰੀਕੀ ਨੀਨਾ ਦਾਵੂਲੁਰੀ ਨੇ ਮਿਸ ਅਮਰੀਕਾ 2014 ਦਾ ਖਿਤਾਬ ਆਪਣੇ ਨਾਂ ਕਰ ਲਿਆ ਹੈ। ਦੇਸ਼ ਦੇ 49 ਸੂਬਿਆਂ ਦੀਆਂ ਸੁੰਦਰੀਆਂ ਨੂੰ ਪਛਾੜ ਕੇ ਖਿਤਾਬ ਹਾਸਲ ਕਰਨ ਤੋਂ ਬਾਅਦ ਨੀਨਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਮੈਂ ਇਸ ਖਿਤਾਬ ਨੂੰ ਜਿੱਤ ਕੇ ਬੇਹੱਦ ਖੁਸ਼ ਹਾਂ।

ਇਸ ਸੰਗਠਨ ਨੇ ਭਿੰਨਤਾ ਨੂੰ ਸਵੀਕਾਰ ਕੀਤਾ ਹੈ। ਜੇਕਰ ਮੁਕਬਾਲੇ ਦੇ ਮੰਚ ਦੀ ਗੱਲ ਕਰੀਏ ਤਾਂ ਇਸ ਵਿਚ ਬਹੁਤ ਭਿੰਨਤਾ ਦੇਖਣ ਨੂੰ ਮਿਲੀ। ਮਿਸ ਅਮਰੀਕਾ ਦਾ ਖਿਤਾਬ ਜਿੱਤਣ ਵਾਲੀ ਨੀਨਾ ਇਸ ਤੋਂ ਪਹਿਲਾਂ ਦੋ ਵਾਰ ਮਿਸ ਨਿਊਯਾਰਕ ਦਾ ਖਿਤਾਬ ਹਾਸਲ ਕਰ ਚੁੱਕੀ ਹੈ। ਮਿਸ ਅਮਰੀਕਾ ਦਾ ਤਾਜ ਪਹਿਨਣ ਵਾਲੀ ਉਹ ਪਹਿਲੀ ਭਾਰਤੀ ਮੂਲ ਦੀ ਅਮਰੀਕੀ ਨਾਗਰਿਕ ਹੈ।



## ਰਜਨੀ ਕਾਲੇਵਾਲ ਭਗਤਾਂ ਨੇ ਸੀ ਪੀ ਐਡ ਭਾਗ ਦੂਸਰਾ 'ਚ ਪੰਜਾਬ ਯੂਨੀਵਰਸਿਟੀ ਚੋ ਦੂਸਰੇ ਸਥਾਨ ਪ੍ਰਾਪਤ ਕੀਤਾ

**ਮਾਹਿਲਪੁਰ (ਸ਼ਿਵ ਕੁਮਾਰ ਬਾਵਾ)-** ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਸੀ ਪੀ ਐਡ ਫਾਈਨਲ ਦੀ ਵਿਦਿਆਰਥਣ ਰਜਨੀ ਕਾਲੇਵਾਲ ਭਗਤਾਂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚੋਂ 82 ਪ੍ਰਤੀਸ਼ਤ ਅੰਕ ਹਾਸਿਲ ਕਰਕੇ ਦੂਸਰਾ ਸਥਾਨ ਹਾਸਿਲ ਕੀਤਾ ਹੈ। ਕਾਲਜ ਦੇ ਪ੍ਰਿੰਸੀਪਲ ਡਾ ਸੁਰਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਰਜਨੀ ਕਾਲੇਵਾਲ ਭਗਤਾਂ ਨੇ ਸੀ ਪੀ ਐਡ ਭਾਗ ਦੂਸਰਾ ਪੰਜਾਬ ਯੂਨੀਵਰਸਿਟੀ ਵਿੱਚੋਂ ਦੂਸਰਾ ਸਥਾਨ ਅਤੇ ਖਾਲਸਾ ਕਾਲਜ ਮਾਹਿਲਪੁਰ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਕੇ ਕਾਲਜ ਅਤੇ ਇਲਾਕੇ ਦਾ ਮਾਣ ਵਧਾਇਆ ਹੈ। ਖਾਲਸਾ ਕਾਲਜ ਮਾਹਿਲਪੁਰ ਦੇ ਸਿੱਖਿਆ ਵਿਭਾਗ ਵਲੋਂ ਅੱਜ ਰਜਨੀ ਕਾਲੇਵਾਲ ਭਗਤਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ



ਜਿਸਨੂੰ ਸੰਬੋਧਨ ਕਰਦਿਆ ਖੇਡ ਵਿਭਾਗ ਦੇ ਮੁੱਖੀ ਡਾ ਲਖਵਿੰਦਰ ਸਿੰਘ ਨੇ ਕਿਹਾ ਕਿ ਰਜਨੀ ਨੇ ਬੜੀ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਕਰਕੇ ਕਾਲਜ ਨੂੰ ਇਹ ਮਾਣ ਦਵਾਇਆ ਹੈ। ਉਸਨੇ ਭਾਗ ਪਹਿਲਾ ਵਿੱਚ ਵੀ ਪੰਜਾਬ ਯੂਨੀਵਰਸਿਟੀ ਵਿੱਚੋਂ ਦੂਸਰਾ ਸਥਾਨ ਹਾਸਿਲ ਕੀਤਾ ਸੀ। ਇਸ ਮੌਕੇ ਰਜਨੀ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਅਜੋਕੇ ਸਮੇਂ ਵਿੱਚ ਨੌਜਵਾਨ ਲੜਕੇ ਲੜਕੀਆਂ ਨੂੰ ਪੜ੍ਹਾਈ, ਖੇਡਾਂ ਅਤੇ ਸਮਾਜ ਸੇਵੀ ਕੰਮਾਂ ਵਿੱਚ ਵੱਧ ਚੜ੍ਹਕੇ ਸਮੂਲੀਅਤ ਕਰਨੀ ਚਾਹੀਦੀ ਹੈ। ਉਸਨੇ ਦੱਸਿਆ ਕਿ ਉਸਨੂੰ ਇਸ ਮੁਕਾਮ ਤੱਕ ਪਹੁੰਚਾਉਣ ਵਿੱਚ ਕਾਲਜ ਦੇ ਖੇਡ ਵਿਭਾਗ ਅਤੇ ਪਰਿਵਾਰ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਮੌਕੇ ਹੋਰਨਾ ਤੋਂ ਇਲਾਵਾ ਪ੍ਰੋ ਪਰਮਪ੍ਰੀਤ ਸਿੰਘ ਸਮੇਤ ਵਿਦਿਆਰਥੀ ਅਤੇ ਸਟਾਫ ਮੈਂਬਰ ਹਾਜਿਰ ਸਨ।

ਦੇਸ਼ ਦੁਆਬਾ

# ਸਫਲਤਾ ਹੁਣ ਵੀ ਜ਼ਰੂਰ ਮਿਲੇਗੀ



ਤਰਸੇਮ ਜਲੰਧਰੀ (ਸੰਪਾਦਕ)

ਹਰ ਵਿਅਕਤੀ ਅਤੇ ਸੰਸਥਾ ਜਾਂ ਸਥਾਨ ਦਾ ਆਪੋ-ਆਪਣਾ ਵਜੂਦ ਅਤੇ ਮਕਸਦ ਹੁੰਦਾ ਹੈ। ਗੁਰਬਾਣੀ ਅਨੁਸਾਰ ਇਨਸਾਨ ਨੂੰ ਅਕਾਲ ਪੁਰਖ ਨੇ ਕਿਸੇ ਮਕਸਦ ਲਈ ਇਸ ਸੰਸਾਰ ਅੰਦਰ ਭੇਜਿਆ ਹੈ। ਇਹ ਵੱਖਰੀ ਗੱਲ ਹੈ ਕਿ ਉਹ ਉਸ ਨੂੰ ਅਤੇ ਉਸਦੇ ਹੁਕਮ ਨੂੰ ਭੁਲਾ ਦਿੰਦਾ ਹੈ ਤੇ ਇਸ ਦੁਨਿਆਵੀ ਕੰਮਕਾਰਾਂ ਵਿਚ ਆਪਣਾ ਜੀਵਨ ਸਫਲ ਬਣਾਉਣ ਦੀ ਹੋੜ 'ਚ ਲੱਗ ਜਾਂਦਾ ਹੈ ਤੇ ਸਫਲਤਾ ਦੀ ਭਾਲ ਵਿਚ ਅਸਫਲਤਾ ਦੀ ਖਾਈ 'ਚ ਡਿੱਗ ਕੇ ਆਪਣੇ ਅਸਲੀ ਮਕਸਦ ਤੋਂ ਪਰ੍ਹਾਂ ਹੋ ਕੇ ਜੀਵਨ ਨੂੰ ਸਫਲ ਨਹੀਂ ਬਣਾ ਪਾਉਂਦਾ। ਗੁਰਬਾਣੀ ਇਨਸਾਨ ਨੂੰ ਪੈਰ ਪੈਰ ਤੇ ਨਸੀਹਤ ਕਰਦੀ ਹੈ ਕਿ ਅਕਾਲ ਪੁਰਖ ਦਾ ਸ਼ੁਕਰਾਨਾ ਕਰ, ਜਿਸਨੇ ਇਸ ਸੰਸਾਰ ਅੰਦਰ ਭੇਜਿਆ, ਉਸ ਦਾ ਸਿਮਰਨ ਕਰ ਤੇ ਕੱਲ੍ਹ ਕੇਵਲ "ਨਾਮ'' ਅਧਾਰ ਹੈ, ਨੂੰ ਸਮਝ।

ਇਸ ਮਕਸਦ ਨੂੰ ਮੁੱਖ ਰੱਖ ਕੇ ਸਾਡੇ ਬਜ਼ੁਰਗਾਂ ਨੇ ਧਾਰਮਿਕ ਸੰਸਥਾਵਾਂ ਅਤੇ ਸਥਾਨ ਸਥਾਪਤ ਕੀਤੇ ਤਾਂ ਕਿ ਇਕ ਵਿਅਕਤੀ ਬਹੁਤ ਸਾਰੇ ਹਮਖਿਆਲੀ ਲੋਕਾਂ ਨੂੰ ਨਾਲ ਲੈ ਕੇ ਇਕ ਸੰਸਥਾ (ਸੁਸਾਇਟੀ) ਬਣਾ ਕੇ ਜੁੜ ਬੈਠਣ ਤੇ ਧਾਰਮਿਕ ਸਥਾਨ ਵੀ ਬਣਾਉਣ, ਜਿੱਥੇ ਅਕਾਲ ਪੁਰਖ ਦੇ ਸਿਮਰਨ ਦੇ ਨਾਲ ਨਾਲ ਜੀਵਨ ਜਿਉਣ ਦੀ ਜਾਚ ਤੇ ਵਿਚਾਰਾਂ ਵੀ ਕਰ ਸਕਣ ਤੇ ਇਸ ਦੇ ਨਾਲ ਨਾਲ ਇਕ ਦੂਸਰੇ ਦੇ ਦੁੱਖ ਸੁੱਖ ਵਿਚ ਵੀ ਸ਼ਾਮਲ ਹੋ ਸਕਣ। ਅਜਿਹੇ ਮਕਸਦ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੋਈ 21 ਸਾਲ ਪਹਿਲਾਂ ਪਿਟਸਬਰਗ ਤੋਂ ਬਾਅਦ ਸੈਕਰਾਮੈਂਟੋ ਵਿਚ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ ਤੇ ਗੁਰੂ ਘਰ ਉਸਾਰਨ ਦਾ ਮਨ ਹੀ ਨਹੀਂ ਬਣਾਇਆ ਬਲਕਿ ਰਿਓਲਿੰਡਾ ਵਿਚ ਉਸਾਰ ਦਿੱਤਾ।

ਹੁਣ ਉਸ ਦਾ 21ਵਾਂ ਸਥਾਪਨਾ ਦਿਵਸ ਮਨਾਉਣ ਦੀਆਂ ਸ਼ਰਧਾ ਪੂਰਵਕ ਤਿਆਰੀਆਂ ਜ਼ੋਰਾਂ ਸ਼ੋਰਾਂ ਤੇ ਹਨ। ਉਤਰੀ ਅਮਰੀਕਾ ਵਿਚ ਇਹ ਪਹਿਲਾ ਸ੍ਰੀ ਗੁਰੂ ਰਵਿਦਾਸ ਟੈਂਪਲ ਹੈ, 12 ਸਾਲਾਂ ਤੋਂ ਸ੍ਰੀ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਗੁਰਪਰਬ ਦਿਹਾੜੇ ਦੇ ਸ਼ੁਭ ਅਵਸਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਵਿਚ ਕੱਢਿਆ ਜਾਂਦਾ ਹੈ। ਪਿਛਲੇ ਦਿਨੀਂ ਗੁਰੂ ਘਰ ਦੀ ਕਮੇਟੀ ਨੇ "ਦੇਸ਼ ਦੁਆਬਾ'' ਦੇ ਮੁੱਖ ਸੰਪਾਦਕ ਨੂੰ ਦੱਸਿਆ ਕਿ ਗੁਰੂ ਜੀ ਦੀ ਆਪਾਰ ਕਿਰਪਾ ਹੈ ਕਿ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਦੀ ਨਵੀਂ ਅਤੇ ਅਤੀ ਸੁੰਦਰ ਇਮਾਰਤ (ਗੁਰੂ ਘਰ) ਬਣਾਉਣ ਲਈ ਜੋ ਮਾਡਲ ਤਿਆਰ ਕੀਤਾ ਹੈ, ਉਸ ਨੂੰ ਬਹੁਤ ਜਲਦ ਪੂਰਾ ਕਰ ਲਿਆ ਜਾਵੇਗਾ। ਮੈਨੂੰ ਇਸ ਗੱਲ ਦੀ ਜਿੱਥੇ ਬੜੀ ਖੁਸ਼ੀ ਮਿਲੀ, ਉਥੇ ਮੈਂ ਆਪ ਸਭ ਕਮੇਟੀ ਮੈਂਬਰ ਸਾਹਿਬਾਨ ਦਾ ਧੰਨਵਾਦੀ ਹਾਂ, ਜਿਹਨਾਂ ਨੇ ਬੀਤੇ ਵਿਸ਼ਾਲ ਨਗਰ ਕੀਰਤਨ ਮੌਕੇ ਮੇਰੇ ਵੱਲੋਂ ਲਿਖੇ ਦੋ ਸ਼ਬਦਾਂ ਦੀ ਜਨਰਲ ਸਕੱਤਰ ਜੀ ਨੇ ਸਟੇਜ ਤੋਂ ਸ਼ਲਾਘਾ ਕੀਤੀ। ਤੁਹਾਡੀ ਇਸ ਹੌਸਲਾ ਅਫਜ਼ਾਈ ਨੇ ਮੈਨੂੰ ਦੋ ਸ਼ਬਦ ਦੁਆਰਾ ਫਿਰ ਲਿਖਣ ਲਈ ਉਤਸ਼ਾਹਿਤ ਕੀਤਾ। ਮੈਂ ਦੁਆ ਕਰਦਾ ਹਾਂ ਕਿ ਤੁਸੀਂ ਜੋ ਸੁਪਨਾ ਲੈ ਕੇ ਚੱਲੇ ਹੋ, ਉਹ ਅਵੱਸ਼ ਪੂਰਾ ਹੋਵੇ।

ਆਪ ਸਭ ਇਕ ਵਿਅਕਤੀ ਤੋਂ ਸੰਸਥਾ ਬਣੇ ਤੇ ਸਭਾ ਨੇ ਸੰਗਤ ਦੇ ਸਹਿਯੋਗ ਨਾਲ ਸੱਤ ਸਮੁੰਦਰੋਂ ਪਾਰ ਧਾਰਮਿਕ ਸਥਾਨ ਸਥਾਪਤ ਕੀਤਾ ਤੇ ਉਸਨੂੰ ਹੋਰ ਵਧੀਆ ਬਣਾਉਣ ਲਈ ਗੁਰੂ ਜੀ ਦੀ ਓਟ ਲੈ ਕੇ ਯਤਨ ਜਾਰੀ ਰੱਖੋ। ਪਹਿਲਾਂ ਸਫਲਤਾ ਮਿਲੀ ਤੇ ਹੁਣ ਵੀ ਜ਼ਰੂਰ ਮਿਲੇਗੀ।

# ਦਲਿਤ ਵਿਦਿਆਰਥੀਆਂ ਦੀ ਸਥਿਤੀ ਤੇ ਮੁਫ਼ਤ ਸਿੱਖਿਆ ਦਾ ਸਵਾਲ

**- ਰਜਿੰਦਰ ਸਿੰਘ**

ਭਾਰਤੀ ਪ੍ਰਬੰਧ ਦੇ ਹਰ ਖੇਤਰ ਵਿਚ ਦਲਿਤ ਵਰਗ ਸ਼ੁਰੂ ਤੋਂ ਹੀ ਵਿਤਕਰੇ ਦਾ ਸ਼ਿਕਾਰ ਹੈ, ਇਹ ਵਰਤਾਰਾ ਸਿੱਖਿਆ ਦੇ ਖੇਤਰ ਵਿਚ ਵੀ ਮਜ਼ਬੂਤੀ ਨਾਲ ਬਿਰਾਜਮਾਨ ਹੈ। ਨੀਵੀਂ ਜਾਤ ਦੇ ਬੱਚਿਆਂ ਨੂੰ ਪੜ੍ਹਾਈ ਤੋਂ ਮਨਾਹੀ ਸੀ। ਜੇਕਰ ਕੋਈ ਗਿਆਨ ਦੀ ਗੱਲ ਸੁਣ ਲੈਂਦੇ ਸਨ ਤਾਂ ਸਿੱਕਾ ਢਾਲ ਕੇ ਉਨ੍ਹਾਂ ਦੇ ਕੰਨਾਂ ਵਿਚ ਪਾ ਦਿੱਤਾ ਜਾਂਦਾ ਸੀ।

ਦਲਿਤਾਂ ਦੇ ਉਥਾਨ ਲਈ ਸਮੇਂ-ਸਮੇਂ ਕੋਸ਼ਿਸ਼ਾਂ ਹੋਈਆਂ। ਭਗਤੀ ਲਹਿਰ ਤੋਂ ਲੈ ਕੇ ਸਿੱਖ ਗੁਰੂਆਂ ਅਤੇ ਬਾਬਾ ਨੰਦ ਸਿੰਘ ਬਹਾਦਰ ਦੀ ਜਗੀਰੂ ਵਿਵਸਥਾ ਖਿਲਾਫ ਲਾ-ਮਿਸਾਲ ਲੜਾਈ, ਸੂਫੀ ਵਿਚਾਰਧਾਰਾ, ਬੁੱਧ ਧਰਮ, ਇਸਾਈ ਧਰਮ ਆਦਿ ਨੂੰ ਅਪਨਾ ਕੇ ਦਲਿਤਾਂ ਨੇ ਆਪਣਾ ਸਮਾਜਿਕ ਰੁਤਬਾ ਬਦਲਣ ਦੀਆਂ ਕੋਸ਼ਿਸ਼ਾਂ ਕੀਤੀਆਂ, ਜੋ ਅੱਜ ਤੱਕ ਅਸਫਲ ਰਹੀਆਂ। 1947 ਦੀ ਰਸਮੀ ਆਜ਼ਾਦੀ ਤੋਂ ਬਾਅਦ ਵੀ ਦਲਿਤਾਂ ਦੀ ਹਾਲਤ ਵਿਚ ਬਹੁਤਾ ਫਰਕ ਨਹੀਂ ਪਿਆ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਤੇ ਵਿਡੰਬਨਾ ਇਹ ਹੈ ਕਿ ਪੰਜਾਬ ਦੀ ਕੁੱਲ ਵਾਹੀਯੋਗ ਜ਼ਮੀਨ ਵਿਚੋਂ 2.38 ਫ਼ੀਸਦੀ ਹਿੱਸਾ ਹੀ ਦਲਿਤ ਵਾਹੁੰਦੇ ਹਨ, ਇੱਥੋਂ ਸਪੱਸ਼ਟ ਹੈ ਕਿ ਬਾਕੀ ਦੇ ਦਲਿਤ ਲੋਕ ਮਜ਼ਦੂਰੀ, ਪਸ਼ੂ-ਪਾਲਣ, ਦਿਹਾੜੀ- ਦੱਪਾ ਕਰਕੇ ਜੀਵਨ ਨਿਰਬਾਹ ਕਰਦੇ ਹਨ। ਜੇਕਰ ਸਮੁੱਚੇ ਭਾਰਤ ਵਿਚ ਦਲਿਤਾਂ ਦੀ ਹਾਲਤ ਨੂੰ ਸਮਝਣਾ ਹੋਵੇ ਤਾਂ ਮੰਡਲ ਕਮਿਸ਼ਨ ਰਿਪੋਰਟ ਦਾ ਜ਼ਿਕਰ ਅਤਿ ਲਾਜ਼ਮੀ ਹੈ। ਇਸ ਰਿਪੋਰਟ ਅਨੁਸਾਰ ਬ੍ਰਾਹਮਣ ਜੋ ਕੁੱਲ ਆਬਾਦੀ ਦਾ 5.52 ਫ਼ੀਸਦੀ ਹਿੱਸਾ ਹੈ, ਉਹ ਰਾਜਨੀਤੀ 41 ਫ਼ੀਸਦੀ, ਨੌਕਰੀਆਂ 62 ਫ਼ੀਸਦੀ, ਵਪਾਰ 10 ਫ਼ੀਸਦੀ, ਖੱਤਰੀ ਕੁੱਲ ਆਬਾਦੀ ਦਾ 3.8 ਫ਼ੀਸਦੀ ਹਨ, ਉਹ ਰਾਜਨੀਤੀ 15 ਫ਼ੀਸਦੀ, ਨੌਕਰੀਆਂ 12 ਫ਼ੀਸਦੀ, ਵਪਾਰ 27 ਫ਼ੀਸਦੀ, ਜਦ ਕਿ ਅਨੁਸੂਚਿਤ ਜਾਤੀਆਂ ਤੇ ਪੱਛੜਾ ਵਰਗ, ਜੋ ਆਬਾਦੀ ਦਾ 87 ਫ਼ੀਸਦੀ ਹੈ, ਉਹ ਰਾਜਨੀਤੀ ਵਿਚ 23 ਫ਼ੀਸਦੀ, ਨੌਕਰੀਆਂ 10.5 ਫ਼ੀਸਦੀ, ਵਪਾਰ 8.5 ਫ਼ੀਸਦੀ ਅਤੇ ਜ਼ਮੀਨ 3 ਫ਼ੀਸਦੀ ਦੇ ਮਾਲਕ ਹਨ। ਇਸ ਤਰ੍ਹਾਂ ਆਰਥਿਕ ਪੱਖ ਤੋਂ ਉਚ ਵਰਗ ਪੂਰੀ ਤਰ੍ਹਾਂ ਕਾਬਜ਼ ਹੈ। ਇਸੇ ਤਰ੍ਹਾਂ ਰਾਜ ਪ੍ਰਬੰਧ ਦੇ ਉਚ ਅਹੁਦਿਆਂ ਬਾਰੇ ਵੀ ਦੇਖੀਏ ਤਾਂ ਪਤਾ ਲੱਗਾ ਹੈ ਕਿ ਆਈਏਐਸ ਅੰਦਰ 5271 ਪੋਸਟਾਂ ਹਨ, ਜਿਸ ਵਿਚ 221 ਭਾਵ 4.21 ਫ਼ੀਸਦੀ ਦਲਿਤ ਹਨ। ਆਈਪੀਐਸ ਦੀ ਕੁੱਲ ਗਿਣਤੀ 3498 ਹੈ, ਜਿਸ ਵਿਚ 142 ਦਲਿਤ ਹਨ, ਭਾਵ 6.7 ਫ਼ੀਸਦੀ ਹਨ। ਹੁਣ ਵਿਦਿਅਕ ਖੇਤਰ ਨੂੰ ਵੀ ਦੇਖੀਏ, ਜਿਸ ਵਿਚ ਬ੍ਰਾਹਮਣ 50 ਫ਼ੀਸਦੀ, ਖੱਤਰੀ 16 ਫ਼ੀਸਦੀ, ਜਦ ਕਿ ਦਲਿਤ ਤੇ ਪੱਛੜਾ ਵਰਗ (ਜੋ ਆਬਾਦੀ ਦਾ 87 ਫ਼ੀਸਦੀ ਹੈ) ਸਿਰਫ 14 ਫ਼ੀਸਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਦਲਿਤ ਵਰਗ ਅੱਜ ਵੀ ਸਿੱਖਿਆ ਤੋਂ ਵਾਂਝਾ ਹੈ।

ਦਲਿਤਾਂ ਲਈ ਚੱਲੇ ਕਈ ਸੰਘਰਸ਼ਾਂ ਕਰਕੇ ਸਰਕਾਰਾਂ ਨੂੰ ਦਲਿਤ ਵਿਦਿਆਰਥੀਆਂ ਦੀ ਵਿਦਿਆ ਬਾਰੇ ਨੀਤੀਆਂ ਬਣਾਉਣ ਲਈ ਮਜਬੂਰ ਹੋਣਾ ਪਿਆ, ਪਰ ਲਾਗੂ ਕਰਨ ਵਾਲੀ ਅਫ਼ਸਰਸ਼ਾਹੀ, ਵਿਦਿਅਕ ਅਦਾਰਿਆਂ ਦੀਆਂ ਮੈਨੇਜਮੈਂਟਾਂ/ਮੁਖੀ ਦਲਿਤ ਵਿਰੋਧੀ ਹੋਣ ਕਰਕੇ ਇਨ੍ਹਾਂ ਸਕੀਮਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਹੀ ਨਹੀਂ ਦਿੰਦੇ ਅਤੇ ਨਾ ਹੀ ਸਰਕਾਰ ਚਾਹੁੰਦੀ ਹੈ ਕਿ ਇਸ ਬਾਰੇ ਦਲਿਤ ਵਿਦਿਆਰਥੀਆਂ ਨੂੰ ਪਤਾ ਲੱਗੇ। ਇਸੇ ਤਰ੍ਹਾਂ ਦੀ ਇਕ ਸਕੀਮ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਹੈ, ਜੋ 1998 ਦੀ ਲਾਗੂ ਹੈ, ਜਿਸ ਤਹਿਤ ਗਿਆਰ੍ਹਵੀਂ, ਬਾਰ੍ਹਵੀਂ, ਗਰੈਜੂਏਸ਼ਨ, ਮੈਡੀਕਲ, ਕਾਨੂੰਨ, ਇੰਜੀਨੀਅਰਿੰਗ ਭਾਵ ਹਰ ਤਰ੍ਹਾਂ ਦੀ ਸਿੱਖਿਆ, ਹਰ ਵਿਦਿਅਕ ਸੰਸਥਾ ਭਾਵੇਂ ਉਹ ਸਰਕਾਰੀ, ਪ੍ਰਾਈਵੇਟ ਜਾਂ ਏਡਿਡ ਹੋਵੇ, ਹਰ ਥਾਂ 'ਤੇ ਮੁਫ਼ਤ ਹੈ। ਪਰ ਅਸਲੀਅਤ ਕੁਝ ਹੋਰ ਹੈ। ਦਲਿਤ ਦੀ ਸਿੱਖਿਆ ਦੀ ਹਾਲਤ ਸਮਝਣ ਵਾਸਤੇ ਆਓ ਸਕੂਲੀ ਵਿਦਿਆ ਤੋਂ ਸ਼ੁਰੂ ਕਰਦੇ ਹਾਂ।

2008 ਦੀ ਰਿਪੋਰਟ ਸਕੂਲੀ ਸਿੱਖਿਆ ਵਿਚ ਦਲਿਤਾਂ ਦੀ ਸਥਿਤੀ ਸਪੱਸ਼ਟ ਕਰ ਦਿੰਦੀ ਹੈ, ਜਿਸ ਅਨੁਸਾਰ ਪ੍ਰਾਇਮਰੀ ਵਿਚ 17,66,866 ਦਲਿਤ ਬੱਚੇ ਸਨ। ਮਿਡਲ ਵਿਚ 10,80,202 ਬੱਚੇ, ਹਾਈ ਵਿਚ 4,95,933 ਬੱਚੇ ਹਨ ਅਤੇ ਸੀਨੀਅਰ ਸੈਕੰਡਰੀ ਵਿਚ 3,45,450 ਦਲਿਤਾਂ ਦੇ ਬੱਚੇ ਸਨ। ਸਕੂਲਾਂ ਵਿਚ ਦਲਿਤ ਵਿਦਿਆਰਥੀਆਂ ਦੀ ਡਰਾਪ ਆਊਟ ਰੇਟ ਹੈਰਾਨੀਜਨਕ ਹੈ। ਅੱਠਵੀਂ ਤੱਕ ਪਹੁੰਚਦਿਆਂ-ਪਹੁੰਚਦਿਆਂ 60 ਫ਼ੀਸਦੀ ਤੋਂ ਉਪਰ ਦਲਿਤ ਵਿਦਿਆਰਥੀ ਸਕੂਲ ਛੱਡ ਜਾਂਦੇ ਹਨ। ਦਸਵੀਂ ਤੱਕ ਇਹ ਡਰਾਪ ਆਊਟ ਰੇਟ 8.5 ਫ਼ੀਸਦੀ ਤੱਕ ਪਹੁੰਚ ਗਈ ਹੈ। ਵੈਸੇ ਤਾਂ ਦਲਿਤ ਵਿਦਿਆਰਥੀਆਂ ਦੀ ਸਾਰੀ ਸਿੱਖਿਆ ਮੁਫ਼ਤ ਹੋਣੀ ਚਾਹੀਦੀ ਹੈ, ਪਰ ਗਿਆਰਵੀਂ, ਬਾਰ੍ਹਵੀਂ ਦੀ ਫੀਸ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਮੁਆਫ਼ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਲਗਭਗ 3.50 ਲੱਖ ਦਲਿਤ ਵਿਦਿਆਰਥੀਆਂ ਤੋਂ ਫੀਸ ਵਸੂਲ ਰਹੀ ਹੈ। ਉਪਰੋਂ ਪੰਜਾਬ ਸਕੂਲ ਸਿੱਖਿਆ ਬੋਰਡ ਆਏ ਦਿਨ ਫੀਸਾਂ ਵਿਚ ਵਾਧਾ ਕਰਦਾ ਰਹਿੰਦਾ ਹੈ।

ਉਚੇਰੀ ਸਿੱਖਿਆ ਵਿਚ ਤਾਂ ਦਲਿਤ ਵਿਦਿਆਰਥੀਆਂ ਦੀ ਹਾਲਤ ਇਸ ਤੋਂ ਕਈ ਗੁਣਾਂ ਵੱਧ ਮਾੜੀ ਹੈ। ਕਾਲਜਾਂ ਵਿਚ ਫੀਸਾਂ ਮੁਆਫ ਹੋਣ ਦੇ ਬਾਵਜੂਦ ਵਸੂਲੀਆਂ ਜਾ ਰਹੀਆਂ ਹਨ। ਵਿਦਿਆਰਥੀਆਂ ਨੂੰ ਕਿਹਾ ਜਾ ਰਿਹਾ ਹੈ ਕਿ ਤੁਹਾਡੀ ਫੀਸ ਮੁਆਫ ਹੈ, ਪਰ ਪੀਟੀਏ ਫੰਡ ਤੇ ਹੋਰ ਫੰਡਾਂ ਦੇ ਨਾਮ 'ਤੇ ਹਰੇਕ ਦਲਿਤ ਵਿਦਿਆਰਥੀ ਤੋਂ ਹਜ਼ਾਰਾਂ ਰੁਪਏ ਵਸੂਲੇ ਜਾ ਰਹੇ ਹਨ, ਇਹ ਸਭ ਦਲਿਤ ਵਿਰੋਧੀ ਪੰਜਾਬ ਸਰਕਾਰ, ਮੈਨੇਜਮੈਂਟਾਂ, ਅਫ਼ਸਰਸ਼ਾਹੀ ਅਤੇ ਵਿਦਿਅਕ ਸੰਸਥਾਵਾਂ ਦੇ ਮੁਖੀਆਂ ਕਰਕੇ ਹੋ ਰਿਹਾ ਹੈ। ਜੇਕਰ ਸਰਕਾਰ ਦਲਿਤ ਵਿਦਿਆਰਥੀਆਂ ਦੀ ਫੀਸ ਸਚਮੁੱਚ ਮੁਆਫ ਕਰਨਾ ਚਾਹੁੰਦੀ ਹੈ ਤਾਂ ਜਿਹੜੀਆਂ ਸੰਸਥਾਵਾਂ ਦਲਿਤ ਵਿਦਿਆਰਥੀਆਂ ਤੋਂ ਫੀਸ ਵਸੂਲ ਰਹੀਆਂ ਹਨ, ਉਨ੍ਹਾਂ ਦੇ ਮੁਖੀਆਂ ਉਪਰ ਇਕ ਵਾਰ ਐਸਸੀ/ ਐਸਟੀ ਐਕਟ ਤਹਿਤ ਪਰਚੇ ਦਰਜ ਕਰ ਦੇਵੇ, ਅੱਗੇ ਤੋਂ ਕੋਈ ਵੀ ਵਿਦਿਅਕ ਸੰਸਥਾ ਦਲਿਤ ਵਿਦਿਆਰਥੀਆਂ ਤੋਂ ਫੀਸ ਵਸੂਲਣ ਦੀ ਜੁਰੱਅਤ ਨਹੀਂ ਕਰੇਗੀ।

ਹਿੰਦੂ ਅਤੇ ਸਿੱਖ ਧਰਮ ਦੇ ਨਾਂ ਬਣੀਆਂ ਬਰਨਾਲਾ, ਬੰਗਾ, ਨਕੋਦਰ ਦੀਆਂ ਕਈ ਸੰਸਥਾਵਾਂ ਆਪਣੇ ਰਵੱਈਏ ਕਰਕੇ ਦਲਿਤ ਵਿਦਿਆਰਥੀਆਂ ਦੀ ਫੀਸ ਮੁਆਫ ਕਰਨ ਤੋਂ ਸਪੱਸ਼ਟ ਇਨਕਾਰ ਕਰ ਰਹੀਆਂ ਹਨ, ਜਦ ਕਿ ਇਨ੍ਹਾਂ ਸੰਸਥਾਵਾਂ ਵਿਚ ਹੀ ਘੱਟ-ਗਿਣਤੀਆਂ ਦੇ ਵਜ਼ੀਫੇ ਦਿੱਤੇ ਜਾ ਰਹੇ ਹਨ, ਜਿਸ ਤੋਂ ਇਨ੍ਹਾਂ ਸੰਸਥਾਵਾਂ ਦਾ ਦਲਿਤ ਵਿਰੋਧੀ ਕਿਰਦਾਰ ਸਪੱਸ਼ਟ ਹੁੰਦਾ ਹੈ। ਇਸੇ ਤਰ੍ਹਾਂ ਜਲੰਧਰ ਦੀ ਇਕ ਨਾਮਵਰ ਵਿਦਿਅਕ ਸੰਸਥਾ ਦਾਖਲਿਆਂ ਵੇਲੇ ਦਲਿਤ ਵਿਦਿਆਰਥੀਆਂ ਨੂੰ ਐਨਾ ਤੰਗ-ਪ੍ਰੇਸ਼ਾਨ ਕਰਦੀ ਹੈ ਕਿ ਉਹ ਦਾਖਲਾ ਲੈਣ ਤੋਂ ਪਹਿਲਾਂ ਹੀ ਦੌੜ ਜਾਂਦੇ ਹਨ, ਕਿਉਂਕਿ ਤੰਗ-ਪ੍ਰੇਸ਼ਾਨ ਕਰਨ ਦੀਆਂ ਜ਼ੁਬਾਨੀ ਹਦਾਇਤਾਂ ਸੰਸਥਾ ਦੀ ਮੈਨੇਜਮੈਂਟ ਨੇ ਆਪਣੀ ਦਾਖਲਾ ਕਮੇਟੀ ਨੂੰ ਦਿੱਤੀਆਂ ਹੋਈਆਂ ਹਨ। ਇਨ੍ਹਾਂ ਕਾਰਨਾਂ ਕਰਕੇ ਦਲਿਤ ਵਿਦਿਆਰਥੀ ਉਚ ਵਿਦਿਆ ਵਿਚ ਬਹੁਤ ਘੱਟ ਆਉਂਦੇ ਹਨ। 2008 ਦੀ ਇਕ ਅਧਿਐਨ ਰਿਪੋਰਟ ਮੁਤਾਬਕ ਬੀਐਡ ਵਿਚ 977, ਈਟੀਟੀ ਵਿਚ 693 ਅਤੇ ਬਹੁ- ਤਕਨੀਕੀ ਕਾਲਜਾਂ ਵਿਚ 3849 ਵਿਦਿਆਰਥੀ ਹੀ ਦਲਿਤ ਹਨ।

ਸਭ ਤੋਂ ਚਿੰਤਾਜਨਕ ਪਹਿਲੂ ਦਲਿਤ ਲੜਕੀਆਂ ਦੀ ਸਿੱਖਿਆ ਦਾ ਹੈ, ਉਚੇਰੀ ਸਿੱਖਿਆ ਦੀ ਤਾਂ ਗੱਲ ਛੱਡੋ, ਹੇਠਲੇ ਪੱਧਰ ਦੀ ਸਿੱਖਿਆ ਅੰਦਰ ਨਾ ਮਾਤਰ ਹਨ। ਮਰਦ ਪ੍ਰਧਾਨ ਸਮਾਜ ਅਤੇ ਦਲਿਤ ਹੋਣ ਕਰਕੇ ਉਨ੍ਹਾਂ ਨੂੰ ਦੂਹਰੀ-ਤੀਹਰੀ ਮਾਰ ਪੈਂਦੀ ਹੈ। ਸਰਕਾਰ ਦੀ ਰਿਪੋਰਟ ਅਨੁਸਾਰ ਪੇਂਡੂ ਦਲਿਤ ਕੁੜੀਆਂ, ਜਿਨ੍ਹਾਂ ਦੀ ਉਮਰ 15 ਤੋਂ 17 ਸਾਲ ਹੈ, ਸਿਰਫ 17.7 ਫ਼ੀਸਦੀ ਹੀ ਸਕੂਲ ਜਾਂਦੀਆਂ ਹਨ, ਉਨ੍ਹਾਂ ਲਈ ਤਾਂ ਝਾੜੂ-ਪੋਚਾ ਕਰਨਾ, ਕੱਪੜੇ ਧੋਣਾ, ਗੋਹਾ-ਕੂੜਾ ਸੁੱਟਣਾ, ਕੱਖ ਖੋਦਣਾ ਆਦਿ ਜ਼ਿੰਦਗੀ ਬਣ ਚੁੱਕਿਆ ਹੈ।

ਇਕੱਲੀਆਂ ਦਲਿਤ ਲੜਕੀਆਂ ਹੀ ਨਹੀਂ, ਬਲਕਿ ਸਮੁੱਚੀਆਂ ਲੜਕੀਆਂ ਦੀ ਮੁਕੰਮਲ ਫ਼ੀਸ ਮਾਫ ਹੋਣੀ ਚਾਹੀਦੀ ਹੈ, ਕਿਉਂਕਿ ਸਮੁੱਚੀਆਂ ਲੜਕੀਆਂ ਦੀ ਹੀ ਹਾਲਤ ਦਲਿਤਾਂ ਵਰਗੀ ਹੀ ਹੈ, ਉਹ ਭਾਵੇਂ ਕਿਸੇ ਵੀ ਜਾਤੀ ਨਾਲ ਸਬੰਧਤ ਹੋਣ, ਕਿਉਂਕਿ ਇਸ ਅਰਧ ਜਗੀਰੂ ਸਮਾਜਿਕ ਪ੍ਰਬੰਧ ਅੰਦਰ ਸਮੁੱਚੀ ਔਰਤ ਹੀ ਦਮਨ ਦਾ ਸ਼ਿਕਾਰ ਹੈ। ਪੰਜਾਬ ਸਰਕਾਰ ਨੇ ਪਹਿਲਾਂ ਬਾਰ੍ਹਵੀਂ ਤੱਕ ਫਿਰ ਐਮਏ ਤੱਕ ਲੜਕੀਆਂ ਦੀ ਮੁਫ਼ਤ ਵਿਦਿਆ ਦਾ ਵਾਅਦਾ ਕੀਤਾ, ਪਰ ਦੋਨੋਂ ਵਾਅਦੇ ਹੀ ਵਫ਼ਾ ਨਾ ਹੋਏ। ਇਸ ਸਥਿਤੀ ਤੋਂ ਸਪੱਸ਼ਟ ਹੈ ਕਿ ਦਲਿਤ ਵਿਦਿਆਰਥੀਆਂ ਲਈ ਮੁਫ਼ਤ ਵਿਦਿਆ ਲਈ ਜਦੋ-ਜਹਿਦ ਕਰਨਾ ਹਰ ਇਨਸਾਫ਼ ਪਸੰਦ ਤੇ ਅਗਾਂਹ-ਵਧੂ ਜਥੇਬੰਦੀ ਤੇ ਵਿਅਕਤੀ ਦੇ ਏਜੰਡੇ 'ਤੇ ਹੋਣਾ ਚਾਹੀਦਾ ਹੈ। ਇਹ ਮਸਲਾ ਕੁਝ ਰਿਆਇਤਾਂ ਨਾਲ ਜੁੜਿਆ ਆਰਥਿਕ ਮਸਲਾ ਨਹੀਂ ਹੈ, ਬਲਕਿ ਇਹ ਦਲਿਤ ਪਛਾਣ, ਬਰਾਬਰੀ, ਸਵੈਮਾਣ ਨਾਲ ਵੀ ਜੁੜਿਆ ਹੈ।

ਦਲਿਤ ਵਿਦਿਆਰਥੀਆਂ ਦੀ ਫ਼ੀਸ ਮੁਆਫ਼ੀ ਨਾਲ ਸਬੰਧਤ ਸਕੀਮਾਂ ਆਉਣ ਵਾਲੇ ਦਿਨਾਂ ਵਿਚ ਬੰਦ ਵੀ ਹੋ ਸਕਦੀਆਂ ਹਨ, ਕਿਉਂਕਿ ਜਿਸ ਤਰ੍ਹਾਂ ਅੱਜ ਸੰਸਾਰ ਪੱਧਰ 'ਤੇ ਆਰਥਿਕ ਸੰਕਟ ਆਇਆ ਹੋਇਆ ਹੈ, ਉਸ ਦਾ ਪ੍ਰਭਾਵ ਭਾਰਤ 'ਤੇ ਵੀ ਪੈ ਰਿਹਾ ਹੈ।

ਸਾਮਰਾਜੀ ਮੁਲਕ ਭਾਰਤ ਸਰਕਾਰ ਨੂੰ ਲਗਾਤਾਰ ਸਰਕਾਰੀ ਖਰਚਿਆਂ ਅਤੇ ਭਲਾਈ ਸਕੀਮਾਂ 'ਤੇ ਕੱਟ ਲਾਉਣ ਦਾ ਦਬਾਅ ਬਣਾ ਰਹੇ ਹਨ। ਇਸ ਲਈ ਸਮਾਜ ਦੇ ਸਭ ਅਗਾਂਹ-ਵਧੂ ਲੋਕਾਂ ਨੂੰ ਖਾਸ ਕਰਕੇ ਦਲਿਤ ਭਾਈਚਾਰਿਆਂ ਨੂੰ ਇਸ ਬਾਰੇ ਸੁਚੇਤ ਹੋ ਕੇ ਲਾਮਬੰਦ ਹੋਣਾ ਸਮੇਂ ਦੀ ਲੋੜ ਹੈ।

# ਬਿਹਾਰ ਵਿਚ ਦਲਿਤਾਂ ਤੇ ਹਮਲੇ ਦੀ ਜ਼ੋਰਦਾਰ ਨਿੰਦਾ

ਨਿਊਯਾਰਕ- ਬੀਤੇ ਦਿਨੀਂ ਬਿਹਾਰ ਦੇ ਇਕ ਪਿੰਡ ਵਿਚ ਉਚ ਜਾਤੀ ਦੇ 500 ਦੇ ਕਰੀਬ ਲੋਕਾਂ ਦੀ ਭੀੜ ਨੇ ਦਲਿਤ ਭਾਈਚਾਰੇ ਦੇ ਲੋਕਾਂ ਉਤੇ ਹਮਲਾ ਕਰ ਦਿੱਤਾ, ਜਿਸ ਵਿਚ ਇਕ ਦਲਿਤ ਦੀ ਮੌਤ ਹੋ ਗਈ, ਜਦਕਿ 40 ਦੇ ਕਰੀਬ ਜ਼ਖਮੀ ਹੋ ਗਏ। ਇਹ ਘਟਨਾ ਬਿਹਾਰ ਦੇ ਰੋਹਤਾਸ ਜ਼ਿਲ੍ਹੇ ਵਿਚ ਸਥਿਤ ਬੱਦੀ ਪਿੰਡ ਦੇ ਗੁਰੂ ਰਵਿਦਾਸ ਮੰਦਰ ਵਿਚ ਕੀਤੇ ਹਮਲੇ ਸਮੇਂ ਵਾਪਰੀ ਹੈ। ਉਸ ਵਕਤ ਭਾਰਤ ਦੇ ਆਜ਼ਾਦ ਦਿਨ ਦੇ ਮੌਕੇ ਤੇ ਦਲਿਤ ਭਾਈਚਾਰੇ ਦੇ ਲੋਕ ਇਕੱਠੇ ਹੋਏ ਸਨ। ਇਹ ਪਿੰਡ ਪਟਨਾ ਤੋਂ 160 ਕਿਲੋਮੀਟਰ ਦੂਰ ਪੈਂਦਾ ਹੈ। ਇਸ ਖ਼ਬਰ ਨੂੰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਨੇ ਨਾ ਦਿਖਾ ਕੇ ਆਪਣੇ ਪੱਖਪਾਤੀ ਰਵੱਈਏ ਦਾ ਸਬੂਤ ਦਿੱਤਾ ਹੈ। ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਅਤੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਇਸ ਘਿਨਾਉਣੇ ਅਪਰਾਧ ਦੀ ਜ਼ਤੋਰਾਰ ਸ਼ਬਦਾਂ ਵਿਚ ਨਿੰਦਾ ਕਰਦੀ ਹੈ। ਭਾਰਤ ਸਰਕਾਰ ਅਤੇ ਬਿਹਾਰ ਸਰਕਾਰ ਤੋਂ ਭਾਰਤੀ ਸੰਵਿਧਾਨ ਦਹਿਤ ਮਿਲੇ ਅਧਿਕਾਰਾਂ ਤਹਿਤ ਸਮੂਹ ਮੈਂਬਰ ਮੰਗ ਕਰਦੇ ਹਨ ਕਿ ਦੋਸ਼ੀ ਲੋਕਾਂ ਨੂੰ ਜਲਦੀ ਤੋਂ ਜਲਦੀ ਫੜ ਕੇ ਮੁਕੱਦਮੇ ਚਲਾਏ ਜਾਣ ਅਤੇ ਸਜ਼ਾਵਾਂ ਦਿੱਤੀਆਂ ਜਾਣ। ਭਾਰਤ ਨੂੰ ਆਜ਼ਾਦ ਹੋਇਆਂ 6 ਦਹਾਕੇ ਬੀਤ ਜਾਣ ਦੇ ਬਾਅਦ ਵੀ ਅਮੀਰ ਵਰਗ ਗਰੀਬ ਲੋਕਾਂ ਨੂੰ ਭਾਰਤ ਦਾ ਮਾਣ ਤਿਰੰਗਾ ਵੀ ਨਹੀਂ ਲਹਿਰਾਉਣ ਦਿੰਦਾ। ਗਰੀਬਾਂ ਦੇ ਹੱਕ ਵਿਚ ਆਪਣੇ ਆਪ ਨੂੰ ਅਖਵਾਉਣ ਵਾਲੀਆਂ ਸਿਆਸੀ ਪਾਰਟੀਆਂ ਅਤੇ ਜਥੇਬੰਦੀਆਂ ਕਿਹੜੇ ਆਜ਼ਾਦੀ ਦੇ ਜਸ਼ਨ ਮਨਾਉਂਦੀਆਂ ਹਨ। ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਅਤੇ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਸਭ ਨੂੰ ਇਕੱਠੇ ਹੋ ਕੇ ਦੁਨੀਆਂ ਵਿਚ ਕਿਤੇ ਵੀ ਜੋ ਜ਼ੁਲਮ ਹੁੰਦਾ ਹੈ, ਉਸ ਵਿਰੁੱਧ ਆਵਾਜ਼ ਬੁਲੰਦ ਕਰਨ ਦੀ ਬੇਨਤੀ ਕਰਦੀ ਹੈ।

# ਗਦਰ ਪਾਰਟੀ ਦੇ 100 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਸਮਾਗਮ

ਮਾਹਿਲਪੁਰ (ਸ਼ਿਵ ਕੁਮਾਰ ਬਾਵਾ)- ਇਥੋਂ ਲਾਗਲੇ ਪਿੰਡ ਨੰਗਲ ਕਲਾਂ ਵਿਖੇ ਗਦਰ ਪਾਰਟੀ ਦੇ 100 ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ ਸਮਾਗਮ ਗਦਰ ਪਾਰਟੀ ਦੇ ਮਹਾਨ ਯੋਧੇ ਸ਼ਹੀਦ ਜਵੰਦ ਸਿੰਘ, ਦਲੀਪ ਸਿੰਘ ਫਾਹਲਾ ਦੀ ਯਾਦ ਵਿੱਚ ਬੜੇ ਧੂਮ ਧੜੱਕੇ ਨਾਲ ਕਰਵਾਇਆ ਗਿਆ।

ਇਹ ਸਮਾਗਮ ਗਦਰ ਪਾਰਟੀ ਦੇ ਪੈਰੋਕਾਰਾਂ, ਲੋਕ ਹਤੈਸ਼ੀ ਪਾਰਟੀਆ ਦੇ ਆਗੂਆ ਅਤੇ ਸਮੂਹ ਨਗਰ ਨਿਵਾਸੀਆ ਦੇ ਸਹਿਯੋਗ ਨਾਲ ਕਰਵਾਇਆ ਗਿਆ ਜਿਸ ਵਿਚ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਅਤੇ ਪਿੰਡਾਂ ਤੋਂ ਲੋਕ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।

ਇਸ ਸਮਾਗਮ ਵਿੱਚ ਦੇਸ਼ ਭਗਤ ਯਾਦਗਾਰੀ ਹਾਲ ਜਲੰਧਰ ਦੀ ਗਦਰ ਸ਼ਤਾਬਦੀ ਕਮੇਟੀ ਦੇ ਕਨਵੀਨਰ ਕਾਮਰੇਡ ਗੁਰਮੀਤ ਸਿੰਘ, ਚਰੰਜੀ ਲਾਲ ਕੰਗਣੀ ਵਾਲ, ਕਾਮਰੇਡ ਸ਼ਾਮ ਲਾਲ, ਕਾਮਰੇਡ ਜੋਗਾ ਸਿੰਘ ਆਦਿ ਨੇ ਪਹੁੰਚ ਕੇ ਲੋਕਾ ਨੂੰ ਗਦਰ ਪਾਰਟੀ ਦੇ ਮਹਾਨ ਸ਼ਹੀਦ ਯੋਧਿਆਂ ਬਾਰੇ ਜਾਣੂ ਕਾਰਵਾਇਆ ਗਿਆ।

ਇਸ ਮੌਕੇ ਲੋਕ ਕਲਾ ਮੰਚ ਮੰਡੀ ਮੁਲਾਂਪੁਰ ਵਲੋਂ ਰਾਕੇਸ਼ ਚੌਧਰੀ ਦੀ ਅਗਵਾਈ ਹੇਠ 'ਇਨ੍ਹਾਂ ਜ਼ਖਮਾ ਦਾ ਕੀ ਕਰੀਏ ' ਨਾਟਕ ਖੇਡਿਆ ਗਿਆ ,ਜਿਸਦੇ ਪਾਤਰਾਂ ਨੇ ਆਪਣੇ ਨਿਵੇਕਲੇ ਅੰਦਾਜ ਵਿੱਚ ਲੋਕਾ ਨੂੰ ਨਸ਼ਿਆ ਵਿਰੁੱਧ ਜਾਗਰੂਕ ਕੀਤਾ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਫਰਿਜ਼ਨੋ ਵਿਚ ਡਾ.ਮਮਤਾ ਜੋਸ਼ੀ ਦੇ ਸੁਰਾਂ ਨੇ ਸਭ ਦੇ ਮਨ ਮੋਹੇ





ਸ੍ਰੀ ਗੁਰੂ ਰਵਿਦਾਸ ਟੈਂਪਲ, ਫਰਿਜ਼ਨੋ ਵਿਖੇ ਸ਼ਬਦ ਗਾਇਨ ਕਰਦੇ ਹੋਏ ਡਾ.ਮਮਤਾ ਜੋਸ਼ੀ ਅਤੇ ਹੇਠਾਂ ਸਰੋਤੇ ਸ਼ਬਦ ਗਾਇਨ ਸਰਵਣ ਕਰਦੇ ਹੋਏ।










ਫਰਿਜ਼ਨੋ- ਪਿਛਲੇ ਦਿਨੀਂ ਡਾਂਟੇ ਕਲੱਬ ਫਰਿਜ਼ਨੋ ਵਿਖੇ ਡਾ. ਹਰਮੇਸ਼ ਕੁਮਾਰ ਵੱਲੋਂ ਆਯੋਜਿਤ 'ਆਵਜ਼-ਏ-ਸੂਫੀ' ਪ੍ਰੋਗਰਾਮ ਤਹਿਤ ਨਾਮਵਰ ਸੂਫੀ ਗਾਇਕਾ ਡਾ. ਮਮਤਾ ਜੋਸ਼ੀ ਨੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ। ਚੇਤਨ ਮੋਹਨ ਜੋਸ਼ੀ ਨੇ ਡਾ. ਮਮਤਾ ਜੋਸ਼ੀ ਦੀਆਂ ਸੰਗੀਤਕ ਉਪਲਬਧੀਆਂ ਦੀ ਜਾਣਕਾਰੀ ਦੇਣ ਉਪਰੰਤ ਦਰਸ਼ਕਾਂ ਦੀਆਂ ਤਾੜੀਆਂ ਵਿਚ ਡਾ. ਮਮਤਾ ਜੋਸ਼ੀ ਨੂੰ ਅਦਬ ਸਹਿਤ ਸਭ ਦੇ ਰੂਬਰੂ ਕੀਤਾ। ਮੁਹੰਮਦ ਬਖਸ਼ ਦੇ ਕੌਲਾਂ ਤੋਂ ਆਗਾਜ਼ ਕਰਕੇ ਲਗਾਤਾਰ ਢਾਈ ਘੰਟੇ ਤੋਂ ਵੀ ਵੱਧ ਵੱਖ ਵੱਖ ਵੰਨਗੀਆਂ ਦਾ ਗਾਇਨ ਕਰਕੇ ਡਾ. ਮਮਤਾ ਜੋਸ਼ੀ ਨੇ ਆਪਣੀ ਕਲਾ ਦਾ ਲੋਹਾ ਮਨਵਾਇਆ। ਰਾਗ ਗੁਜਰੀ ਤੋੜੀ ਵਿਚ ਬੰਦਿਸ਼, ਦੁੱਲਾ ਭੱਟੀ, ਮਿਰਜ਼ਾ, ਹੀਰ, ਉਸਤਾਦ ਦਾਮਨ, ਪ੍ਰੋ. ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ ਦੇ ਕਲਾਮ ਦੇ ਨਾਲ ਨਾਲ ਗੁਰਭਜਨ ਗਿੱਲ, ਹਰਜਿੰਦਰ ਕੰਗ, ਰਾਜ ਕਾਕੜਾ, ਦੀਪ ਮੰਗਲੀ, ਪਿਸ਼ੌਰ ਸਿੰਘ ਢਿੱਲੋਂ ਆਦਿ ਦਾ ਕਲਾਮ ਗਾ ਕੇ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ। ਬਾਬਾ ਫਰੀਦ ਦੇ ਸਲੋਕਾਂ ਨੂੰ ਨਿਵੇਕਲੇ ਢੰਗ ਨਾਲ ਗਾਇਨ ਕਰਕੇ ਆਪਣੀ ਸੰਗੀਤਕ ਪ੍ਰਤਿਭਾ ਦਾ ਕਮਾਲ ਦਿਖਾਇਆ। ਦਮਾਂ ਦਮ ਮਸਤ ਕਲੰਦਰ ਗਾਉਂਦਿਆਂ 'ਨੌਬਤ ਵਾਜੇ' ਅੰਗ ਨੂੰ ਸਾਜਿੰਦਿਆਂ ਨੇ ਪੰਜਾਬ, ਹਰਿਆਣਾ, ਹਿਮਾਚਲ, ਗੁਜਰਾਤ ਆਦਿ ਵੱਖ ਵੱਖ ਪ੍ਰਾਂਤਾਂ ਦੀ ਨੌਬਤ (ਤਾਲ) ਦਾ ਰੰਗ ਪੇਸ਼ ਕਰਕੇ ਮਹਿਫਲ ਨੂੰ ਇਕ ਅਜਬ ਸਰੂਰ ਨਾਲ ਤਾਰੀ ਕਰ ਦਿੱਤਾ।

ਵਿਚ ਵਿਚ ਉਰਦੂ ਸ਼ਿਅਰਾਂ ਤੇ ਕੁਝ ਕੁ ਚੁਟਕਲੇ ਸੁਣਾ ਕੇ ਡਾ. ਮਮਤਾ ਜੋਸ਼ੀ ਨੇ ਦਰਸ਼ਕਾਂ ਦਾ ਮਨੋਰੰਜਨ ਵੀ ਕੀਤਾ। ਸਰੋਤੇ ਇੰਨੇ ਸੰਤੁਸ਼ਟ ਤੇ ਲੁਫਤ ਅੰਦੋਜ਼ ਹੋਏ ਕਿ ਇਕ ਵੀ ਬੰਦਾ ਅਖੀਰ ਤੱਕ ਉਠ ਕੇ ਨਹੀਂ ਗਿਆ। ਆਖਿਰ ਵਿਚ ਸਭ ਦਰਸ਼ਕਾਂ ਨੇ ਡਾ. ਮਮਤਾ ਜੋਸ਼ੀ ਨੂੰ ਖੜ੍ਹੇ ਹੋ ਕੇ ਤਾੜੀਆਂ ਮਾਰ ਕੇ ਅਦਬ ਤੇ ਮੁਹੱਬਤ ਦਾ ਇਜ਼ਹਾਰ ਕੀਤਾ। ਡਾ. ਹਰਮੇਸ਼ ਕੁਮਾਰ ਦੀ ਇਹ ਪੇਸ਼ਕਸ਼ ਯਾਦਗਾਰੀ ਹੋ ਨਿੱਬੜੀ। ਸਭ ਨੇ ਅਗਲੇ ਸਾਲ ਫਿਰ ਡਾ. ਮਮਤਾ ਜੋਸ਼ੀ ਨੂੰ ਸੁਣਨ ਦੀ ਜ਼ੋਰਦਾਰ ਉਤਸੁਕਤਾ ਪ੍ਰਗਟਾਈ। ਇਸ ਮਹਿਫਲ ਦੇ ਵਿਸ਼ੇਸ਼ ਸਹਾਇਕ ਸ. ਚਰਨਜੀਤ ਸਿੰਘ ਬਾਠ, ਅਵਤਾਰ ਗਿੱਲ, ਹੈਰੀ ਗਿੱਲ, ਗੁੱਡੀ ਸਿੱਧੂ, ਤਾਜਾ ਰੰਧਾਵਾ, ਸੁਖਵੀਰ ਭੰਡਾਲ ਆਦਿ ਸਮੇਤ ਸਭ ਸੁਣਨ ਦੇਖਣ ਵਾਲੇ ਡਾ. ਮਮਤਾ ਜੋਸ਼ੀ ਦੇ ਗਾਇਨ ਦੇ ਕਾਇਲ ਹੋ ਗਏ।

# ਲੱਛੂ ਰਾਮ ਸ਼ੀਂਹਮਾਰ ਨੂੰ ਭਰਪੂਰ ਸ਼ਰਧਾਂਜਲੀ









ਫਗਵਾੜਾ ਨਿਵਾਸੀ ਅਤੇ ਪੰਜਾਬ ਪਬਲਿਕ ਹੈਲਥ ਵਿਭਾਗ (ਹੁਸ਼ਿਆਰਪੁਰ) ਵਿਖੇ ਐਸ. ਡੀ. ਓ. ਦੀ ਸੇਵਾ ਨਿਭਾਅ ਰਹੇ ਸ੍ਰੀ ਪ੍ਰੇਮ ਕੁਮਾਰ ਸਰੋਆ ਦਾ ਪਹਿਲੀ ਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ. ਰਿਓਲਿੰਡਾ ਆਉਣ ਤੇ ਗੁਰੂ ਘਰ ਦੀ ਕਮੇਟੀ ਨੇ ਉਹਨਾਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ।




















ਸੈਕਰਾਮੈਂਟੋ- ਲੱਛੂ ਰਾਮ ਸ਼ੀਂਹਮਾਰ (95) ਪਿਛਲੇ ਮਹੀਨੇ ਜਿਹਨਾਂ ਦਾ ਦੇਹਾਤ ਹੋ ਗਿਆ ਸੀ, ਦੀ ਆਤਮਕ ਸ਼ਾਂਤੀ ਲਈ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ 8 ਸਤੰਬਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵਿਖੇ ਅਖੰਡ ਪਾਠ ਰਖਾਏ ਗਏ।

ਇਸ ਮੌਕੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਨਿਰਮਲ ਸਿੰਘ ਤੇ ਉਹਨਾਂ ਦੇ ਸਾਥੀ ਭਾਈ ਜਸਪਾਲ ਸਿੰਘ ਜੀ ਤੋਂ ਇਲਾਵਾ ਰਾਗੀ-ਢਾਡੀ ਜਥੇ ਨੇ ਸ਼ਬਦ ਗਾਇਨ ਕਰਦਿਆਂ ਵਿਛੜੀ ਰੂਹ ਦੀ ਆਤਮਕ ਸ਼ਾਂਤੀ ਲਈ ਅਰਦਾਸ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ ਤੇ ਜਿਹਨਾਂ ਨੇ ਸਵਰਗੀ ਲੱਛੂ ਰਾਮ ਸ਼ੀਂਹਮਾਰ ਨੂੰ ਸ਼ਰਧਾਂਜਲੀ ਦਿੱਤੀ, ਉਹਨਾਂ ਵਿਚ ਜ਼ਿਕਰਯੋਗ ਨਾਂ ਉਹਨਾਂ ਦਾ ਜਵਾਈ ਡਾ. ਅਮਰੀਕ ਸਿੰਘ ਐਮ. ਡੀ. ਜੋ ਯੂਨੀਵਰਸਿਟੀ ਆਫ ਕੈਲੀਫੋਰਨੀਆ ਵਿਚ ਪ੍ਰੋਫੈਸਰ ਵਜੋਂ ਸੇਵਾ ਨਿਭਾਅ ਰਹੇ ਹਨ। ਉਹਨਾਂ ਤੋਂ ਬਾਅਦ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਚੇਅਰਪਰਸਨ ਮਿਸਿਜ਼ ਦੇਬੋ ਬੈਂਸ, ਕਮਿਊਨਿਟੀ ਵਿਚ ਸੀਨੀਅਰ ਆਗੂ ਦੇਵ ਰਾਜ ਸੰਧੂ, ਸਾਬਕਾ ਪ੍ਰਧਾਨ ਕੇਵਲ ਬੋਲੀਨਾ, ਗੁਰੂ ਘਰ ਦੇ ਸਾਬਕਾ ਜਨਰਲ ਸਕੱਤਰ ਅਤੇ ਸ਼ਾਇਰ ਰਮੇਸ਼ ਬੰਗੜ ਤੇ ਫਗਵਾੜੇ ਤੋਂ ਆਏ ਸ੍ਰੀ ਪ੍ਰੇਮ ਕੁਮਾਰ ਸਰੋਇਆ ਆਦਿ। ਸਟੇਜ ਦੀ ਸੇਵਾ ਨਵੇਂ ਬਣੇ ਜਨਰਲ ਸਕੱਤਰ ਮਹਿੰਦਰ ਸਿੰਘ ਧਾਮੀ ਨੇ ਨਿਭਾਈ।

------------


# ਸੈਕਰਾਮੈਂਟੋ ਵਿਚ ਗੁਰਦੁਆਰਾ ਬਰਾਡਸ਼ਾਹ ਦੀ ਗਰਾਊਂਡ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਵੱਲੋਂ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ ਦੇ ਕੁਝ ਝਲਕਾਰੇ


































Pictures by Prem K. Chumber (Ambedkar Times & Desh Doaba)

# ਫਿਰਦੇ 'ਆਸਾ ਰਾਮ' ਹਜਾਰਾਂ!



ਤਰਲੋਚਨ ਸਿੰਘ 'ਦੁਪਾਲਪੁਰ
(001-408-915-1268)

ਆਲੀਸ਼ਾਨ ਮਹਿਲਾਂ ਜਿਹੇ ਡੇਰੇ ਇਹਨਾ ਦੇ
ਦਿੰਦੇ ਉਂਜ ਉਹਨੂੰ 'ਕੁਟੀਆ' ਦਾ ਨਾਮ ਜੀ।
ਚਿੱਟੇ ਚੋਲ਼ੇ, ਮੋਟੇ ਢਿੱਡ, ਲੱਤਾਂ ਨੰਗੀਆਂ
ਦਿੰਦੇ 'ਉਪਦੇਸ਼' ਸੁਬ੍ਹਾ ਅਤੇ ਸ਼ਾਮ ਜੀ।
ਅਫਸਰਾਂ ਵਜ਼ੀਰਾਂ ਨਾਲ ਲਾਉਂਦੇ ਯਾਰੀਆਂ
ਜਾ ਨਾ ਸਕੇ ਨੇੜੇ ਕੋਈ ਬੰਦਾ ਆਮ ਜੀ।
ਚਾਟੜੇ ਬਿਗਾਨੀਆਂ ਨੂੰ ਸੱਦੇ ਦਿੰਦੇ ਆ
ਆਉ ਜਿਨ੍ਹੇ ਜਾਣਾ ਹੈ 'ਬੈਕੁੰਠ ਧਾਮ'ਜੀ!
ਵਿਹਲੇ ਰਹਿ ਕੇ ਛਕਦੇ ਮਲ਼ਾਈਆਂ ਗਿਰੀਆਂ
ਸਿਰਾਂ ਨੂੰ ਚੜ੍ਹੇ ਨਾ ਦੱਸੋ ਕਿੱਦਾਂ ਕਾਮ ਜੀ।
ਕਾਮੀ ਤੇ ਬਲਾਤਕਾਰੀ 'ਸਾਧ' ਬੂਬਨੇ
ਘੁੰਮਦੇ ਹਜ਼ਾਰਾਂ ਇੱਥੇ 'ਆਸਾ ਰਾਮ'ਜੀ!!

# ਨਮੋ ਨਮੋ-ਸਾੜ੍ਹ ਸਤੀ!

ਸੈਕੂਲਰ ਸੋਚ ਦੀਆਂ ਜੜ੍ਹਾਂ ਵਿੱਚ ਤੇਲ ਦੇ ਕੇ
ਜੁੰਡਲੀ ਬਣਾ ਲਈ ਇਨ੍ਹਾਂ ਆਪਣੇ ਹੀ ਘਰ ਦੀ
ਏਕਾ ਇਤਫ਼ਾਕ ਭਾਈਚਾਰਿਆਂ ਦਾ ਛਿੱਕੇ ਟੰਗ
ਫਾਸ਼ੀ ਵਾਦੀ ਨੀਤੀ ਰਹਿੰਦੀ ਅੱਖਾਂ ਵਿੱਚ ਤਰਦੀ
ਵੋਟ-ਬੈਂਕ ਵਾਸਤੇ ਜੋ ਪਾਟੋ-ਧਾੜੀ ਪਾਈ ਜਾਂਦੇ
ਖ਼ੂਨ ਪੀਣਿਆਂ ਦੀ ਕਦੇ ਆਤਮਾ ਨਾ ਡਰਦੀ
ਘੱਟ-ਗਿਣਤੀ ਦੀ ਸੰਘੀ ਨੱਪਣੇ ਦੇ ਮਾਹਰ ਪੂਰੇ
ਧੱਕੇ ਸ਼ਾਹੀ ਕਰਕੇ ਮਚਾਉਂਦੇ 'ਨ੍ਹੇਰ ਗਰਦੀ
ਹੋਣਗੇ ਹਾਲਾਤ ਕੀ ਜੇ ਇਨ੍ਹਾਂ ਹੱਥ ਸੱਤਾ ਆਈ
ਸੋਚ ਸੋਚ ਬੁੱਲ੍ਹਾਂ ਉਤੇ ਆਈ ਜਾਵੇ ਜ਼ਰਦੀ
ਰਿਹੋ ਹੁਸ਼ਿਆਰ! ਦੇਸ਼ ਵਾਸੀਉ ਖ਼ਬਰਦਾਰ!!
ਚੜ੍ਹੀ ਆਉਂਦੀ ਸਾੜ੍ਹ-ਸਤੀ 'ਨਮੋ ਨਮੋ' ਕਰਦੀ!!!

# ਪੰਜਾਬੀ ਗੀਤਕਾਰ ਮੰਚ ਵੱਲੋਂ ਬਾਬੂ ਰਜਬ ਅਲੀ ਤੇ ਉਸਤਾਦ ਦਾਮਨ ਨੂੰ ਸਮਰਪਿਤ ਸਮਾਗਮ 21 ਨੂੰ

ਸੈਕਰਾਮੈਂਟੋ- ਪੰਜਾਬੀ ਗੀਤਕਾਰ ਮੰਚ ਕੈਲੇਫੋਰਨੀਆ ਦੇ ਪ੍ਰਧਾਨ ਤੇ ਪ੍ਰਸਿੱਧ ਗੀਤਕਾਰ ਮੱਖਣ ਲੁਹਾਰ ਅਤੇ ਜਨਰਲ ਸਕੱਤਰ ਬਿੱਕਰ ਸਿੰਘ ਕੰਮੇਆਣਾ ਨੇ ਇਕ ਸਾਂਝੇ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਮੰਚ ਵੱਲੋਂ 21 ਸਤੰਬਰ ਦਿਨ ਸ਼ਨੀਵਾਰ ਨੂੰ ਦੁਪਹਿਰ 12 ਵਜੇ ਤੋਂ ਦੇਰ ਸ਼ਾਮ ਤੱਕ ਪੰਜਾਬੀ ਗੀਤਕਾਰ ਮੰਚ ਦੀ ਪਹਿਲੀ ਵਰ੍ਹੇਗੰਢ ਮੌਕੇ ਇਕ ਵਿਸ਼ੇਸ਼ ਸਮਾਗਮ ਗੁਰੂ ਰਵਿਦਾਸ ਗੁਰਦੁ-ਆਰਾ ਰੀਓ ਲਿੰਡਾ ਦੇ ਮੀਟਿੰਗ ਹਾਲ ਵਿਚ ਕਰਵਾਇਆ ਜਾ ਰਿਹਾ ਹੈ। ਜੋ ਸਾਂਝੇ ਪੰਜਾਬ ਦੇ ਮਹਾਨ ਸਾਹਿਤਕਾਰ, ਕਵੀਸ਼ਰ ਬਾਬੂ ਰਜਬ ਅਲੀ ਤੇ ਉਸਤਾਦ ਚਿਰਾਗਦੀਨ ਦਾਮਨ ਦੀ ਯਾਦ ਨੂੰ ਸਮਰਪਿਤ ਹੋਵੇਗਾ। ਕਵੀ ਦਰਬਾਰ ਦੇ ਰੂਪ ਵਿਚ ਹੋਣ ਵਾਲੇ ਇਯ ਸਮਾਗਮ ਵਿਚ ਕ੍ਰ-ਾਂਤੀਕਾਰੀ ਮਹਾਨ ਕਵੀ ਸੰਤ ਰਾਮ ਉਦਾਸੀ ਦੀ ਬੇਟੀ ਪ੍ਰਿਤਪਾਲ ਉਦਾਸੀ ਤੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਧੀ ਸ਼ਕਤੀ ਮਾਣਕ ਵੀ ਸਰੋਤਿਆਂ ਦੇ ਰੂਬਰੂ ਹੋਣਗੀਆਂ। ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਡਾਕਟਰ ਸੁਹਿੰਦਰ-ਬੀਰ ਅਤੇ ਪੰਜਾਬ ਦੇ ਜਨ ਸਿਹਤ ਵਿਭਾਗ ਹੁਸ਼ਿਆਰਪੁਰ ਤੋਂ ਉਚੇਚੇ ਤੌਰ ਤੇ ਪੁੱਜੇ ਪ੍ਰੇਮ ਕੁਮਾਰ ਸਰੋਏ ਵੀ ਹਾਜ਼ਰ ਹੋਣਗੇ। ਇਸ ਤੋਂ ਇਲਾਵਾ ਕਵੀ, ਸਾਹਿਤਕਾਰ, ਕਾਲਮਨਵੀਸ, ਪੱਤਰਕਾਰ ਤੇ ਲੇਖਕ ਵੀ ਸਮਾਗਮ ਦਾ ਧੰਨ ਭਾਗ ਹੋਣਗੇ। ਪ੍ਰਧਾਨ ਲੁਹਾਰ ਅਨੁਸਾਰ ਕੈਲੇਫੋਰਨੀਆ ਦੇ ਪੰਜਾਬੀ ਗਾਇਕ ਵੀ ਆਪਣੀ ਸੁਰਾਂ ਦੀ ਸਾਂਝ ਪਾਉਣਗੇ। ਮੰਚ ਵੱਲੋਂ ਸਾਰਿਆਂ ਨੂੰ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਹੈ। ਲੰਗਰ ਤੇ ਚਾਹ ਪਾਣੀ ਦਾ ਪ੍ਰਬੰਧ ਵੀ ਹੋਵੇਗਾ। ਹੋਰ ਜਾਣਕਾਰੀ ਲਈ ਫੋਨ 916-613-0577 'ਤੇ ਸੰਪਰਕ ਕਰ ਸਕਦੇ ਹੋ।



# ਰੁੱਖ਼ ਤੇ ਮਨੁੱਖ਼ ਦਾ ਰਿਸ਼ਤਾ ਜਨਮ ਤੋਂ ਲੈ ਕੇ ਮਰਨ ਤੱਕ ਰਹਿੰਦਾ ਹੈ - ਧਵਨ

ਫਗਵਾੜਾ, (ਬੀ. ਕੇ. ਰੱਤੂ)- ਰਾਮਗੜ੍ਹੀਆ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਸਤਨਾਮਪੁਰਾ ਫਗਵਾੜਾ ਵਿਖੇ ਆਪਣੀ ਫਿਲਮ ਵਿਆਹ 70 ਕਿਲੋਮੀਟਰ ਦੀ ਪ੍ਰਮੋਸ਼ਨ ਲਈ ਪਹੁੰਚੀ ਫਿਲਮ ਸਟਾਰ ਕਾਸਟ ਦੀ ਟੀਮ ਦੇ ਸਟਾਰ ਹਰੀਸ਼ ਵਰਮਾ, ਆਰਤੀ ਛਾਬੜੀਆ ਅਤੇ ਡਾਇਰੈਕਟਰ ਮੁਸ਼ਤਾਕ ਪਾਸ਼ਾ ਨੇ ਜੇ.ਸੀ. ਈ. ਦੇ ਮੈਂਬਰਾਂ ਵਲੋਂ ਵਾਤਾਵਰਨ ਨੂੰ ਹਰਿਆ ਭਰਿਆ ਰੱਖਣ ਲਈ ਚਲਾਈ ਮੁਹਿੰਮ 'ਚ ਆਪਣਾ ਯੋਗਦਾਨ ਪਾਉ-ਂਦਿਆਂ ਕਾਲਜ ਦੇ ਵਿਹੜੇ 'ਚ ਪੌਦੇ ਲਗਾਏ। ਇਸ ਮੌਕੇ ਇੰਸਟੀਚਿਊਟ ਦੇ ਪ੍ਰਿੰਸੀਪਲ ਡਾ. ਆਰ. ਕੇ. ਧਵਨ ਨੇ ਕਿਹਾ ਕਿ ਆਰ. ਈ. ਸੀ. ਦੇ ਚੇਅਰਮੈਨ ਭਰਪੂਰ ਸਿੰਘ ਭੋਗਲ ਤੇ ਡਾਇਰੈਕਟਰ ਮੈਡਮ ਡਾ. ਵਿਊਮਾ ਭੋਗਲ ਢੱਟ ਦੀ ਅਗਵਾਈ ਹੇਠ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਪਹਿਲਾਂ ਵੀ ਕਾਲਜ ਦੇ ਕੈਂਪਸ 'ਚ ਅਤੇ ਆਲੇ ਦੁਆਲੇ ਪੌਦੇ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਪੰਜਾਬੀ ਫਿਲਮ ''ਵਿਆਹ 70 ਕਿਲੋਮੀਟਰ'' ਦੀ ਟੀਮ ਨੇ ਕਾਲਜ ਵਿਖੇ ਪੌਦੇ ਲਗਾਏ।

# ਰਾਜਾ ਸਾਹਿਬ ਜੀ ਦਾ ਜਸ ਗਾ ਕੇ, ਜਸ ਖੱਟ ਰਿਹਾ ਗੁਰਵਿੰਦਰ ਬੱਲੋਵਾਲ



-ਰੇਸ਼ਮ ਕਰਨਾਣਵੀ
98158-80104

ਕੁਦਰਤ ਦਾ ਅਨਮੋਲ ਤੋਹਫਾ ਹੈ ਕਿਸੇ ਵਿਅਕਤੀ ਦਾ ਕਲਾਕਾਰ ਹੋਣਾ ਕਲਾ ਦੀ ਇਕ ਵੰਨਗੀ ਸੰਗੀਤ ਇਕ ਸਾਗਰ ਹੈ। ਜਿਸ ਵਿਚ ਵੱਖ ਵੱਖ ਮਧੁਰ ਆਵਾਜ਼ਾਂ ਵਾਲੇ ਵਿਅਕਤੀ ਝਰਨੇ ਵਾਂਗ ਵਹਿੰਦੇ ਆ ਰਲਦੇ ਹਨ। ਆਪੋ ਆਪਣੀ ਸੁਰ ਸਾਧਨਾ ਰਾਹੀਂ ਇਸ ਖੇਤਰ 'ਚ ਮੁਕਾਮ ਹਾਸਲ ਕਰਦੇ ਹਨ। ਗੁਰਵਿੰਦਰ ਬੱਲੋਵਾਲ ਨੂੰ ਬਨੇਰਿਆਂ 'ਤੇ ਵੱਜਦੇ ਸਪੀਕਰਾਂ 'ਚ ਵੱਜਦੇ ਗੀਤ ਸੁਣਨ ਦਾ ਕੰਨ ਰਸ ਬਚਪਨ 'ਚ ਹੀ ਪੈਦਾ ਹੋ ਗਿਆ ਤੇ ਨਾਲ-ਨਾਲ ਗਾਉਣ ਦੇ ਸ਼ੌਂਕ ਨੇ ਉਸਨੂੰ ਗਾਇਕ ਬਣਾ ਦਿੱਤਾ। ਸਕੂਲ ਦੀ ਬਾਲ ਸਭਾ ਵਿਚ ਗਾਉਂਦਾ ਗੁਰਵਿੰਦਰ ਅੰਤਰ ਸਕੂਲ ਮੁਕਾਬਲਿਆਂ ਦਾ ਜੇਤੂ ਬਣ ਗਿਆ।

ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਜਨਮ ਸਥਾਨ ਉਹਨਾਂ ਦਾ ਨਾਨਕਾ ਪਿੰਡ ਬੱਲੇਵਾਲ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦਾ ਨਾਮੀ ਪਿੰਡ ਹੈ। ਇਸੇ ਪਿੰਡ ਬੱਲੋਵਾਲ 'ਚ ਦਸ ਦਸੰਬਰ ਉਨੀ ਸੌ ਸੱਤਰ ਨੂੰ ਮਾਤਾ ਅਵਤਾਰ ਕੌਰ ਪਿਤਾ ਸ. ਗੁਰਜ਼ਾਰ ਸਿੰਘ ਨੱਤ ਦੇ ਘਰ ਜਨਮੇ ਗੁਰਵਿੰਦਰ ਨੇ ਪਿੰਡ ਦੇ ਸਕੂਲ ਤੋਂ ਅੱਠਵੀਂ ਪਾਸ ਕੀਤੀ ਤੇ ਦਸਵੀਂ ਮੁਕੰਦਪੁਰ ਦੇ ਹਾਈ ਸਕੂਲ ਤੋਂ ਪਾਸ ਕੀਤੀ। ਪੜ੍ਹਾਈ ਦੌਰਾਨ ਗੁਰਵਿੰਦਰ ਦੀ ਗਾਇਕੀ ਪ੍ਰਤੀ ਲਗਾਅ ਤੇ ਉਤਸ਼ਾਹ ਵਧਦਾ ਗਿਆ ਅਤੇ ਇਸ ਖੇਤਰ ਵਿਚ ਪੈਰ ਪੱਕੇ ਕਰਨ ਦਾ ਮਨ ਬਣਾ ਲਿਆ। ਗਾਇਕੀ ਵਿਚ ਨਿਖਾਰ ਲਿਆਉਣ ਲਈ ਉਸ ਨੇ ਚਰਚਿਤ ਗਾਇਕ ਰਾਜ ਦਦਰਾਲ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਗਾਇਕੀ ਦੀ ਸ਼ੁਰੂਆਤ ਲੋਕ ਗਾਇਕੀ ਅਤੇ ਪੰਜਾਬੀ ਗਾਇਕੀ ਤੋਂ ਕੀਤੀ। ਇਸ ਸਫ਼ਰ ਵਿਚ ਪਹਿਲਾ ਕਦਮ ਮਲਟੀ ਟੇਪ 'ਦਿਲ ਦੀ ਚੋਰੀ' 'ਚ ਹਾਜ਼ਰੀ ਲਗਾ ਕੇ ਪੁੱਟਿਆ, ਦੂਸਰੀ ਟੇਪ 'ਕੀ ਹਾਲ ਚਾਲ ਤੇਰਾ' ਗੁਰਵਿੰਦਰ ਦੀ ਆਪਣੇ ਗੀਤਾਂ ਦੀ ਆਈ, ਜਿਸ ਦਾ ਇਕ ਦੋਗਾਣਾ ਮਿਸ ਜੋਤੀ ਨਾਲ ਦੂਰਦਰਸ਼ਨ ਤੋਂ ਵੀ ਪ੍ਰਸਾਰਿਤ ਹੋਇਆ। ਲੱਚਰਤਾ ਤੋਂ ਦੂਰ, ਸਾਫ ਸੁਥਰੀ ਗਾਇਕੀ ਗੁਰਵਿੰਦਰ ਦੀ ਪਹਿਲੀ ਪਸੰਦ ਹੈ। ਜੋ ਉਸਦੇ ਗੀਤਾਂ ਵਿਚੋਂ ਝਲਕਦੀ ਹੈ। 'ਸੂਰਮੇ ਉਹ ਅਖਵਾਉਂਦੇ ਖੜ੍ਹੇ ਬੰਦੇ ਨਾਲ ਕਮਜ਼ੋਰਾਂ ਦੇ, ਘਰ ਵਿਚ ਸਦਾ ਨੀ ਦੀਵੇ ਜਗਦੇ ਕਦੇ ਠੱਗਾਂ ਤੇ ਚੋਰਾਂ ਦੇ।'' ''ਕਹਿੰਦੇ ਨੇ ਸਿਆਣੇ ਸਦਾ ਰੱਖੋ ਚੰਡ ਕੇ ਧੀਆਂ ਪੁੱਛ ਰੰਬੇ ਨੂੰ, ਹੌਸਲੇ ਬੁਲੰਦ ਕਦੇ ਹੋਣ ਦਿੰਦੇ ਨਾ ਯਾਰੋ ਬੁੱਢਾ ਬੰਦੇ ਨੂੰ।'' ਅਣਖ ਦੀ ਖਾਤਰ ਸ਼ੇਰ ਪੰਜਾਬੀ ਮਰਨੋਂ ਨਹੀਂ ਡਰਦੇ। ''ਬਾਲ ਉਮਰ ਵਿਚ ਬੱਚਿਆਂ ਦੀ ਰੱਬ ਮਾਂ ਨਾ ਖੋਹਵੇ।'' ਫਿਰ ਉਸਨੇ ਲੋਕ ਗਾਇਕੀ ਤੋਂ ਕਿਨਾਰਾ ਕਰਕੇ ਆਪਣੀ ਰੂਹ ਦੇ ਸਕੂਨ ਅਤੇ ਸੇਵਾ ਭਾਵਨਾ ਲਈ ਗੁਰਵਿੰਦਰ ਬੱਲੋਵਾਲ ਨੇ ਗੁਰੂ ਰਵਿਦਾਸ ਜੀ ਅਤੇ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ ਮਹਿਮਾ ਦਾ ਗੁਣਗਾਨ ਕਰਨ ਦਾ ਪ੍ਰਣ ਕੀਤਾ। ਉਸ ਦੀ ਪਹਿਲੀ ਧਾਰਮਿਕ ਟੇਪ ''ਕੌਮ ਤਰੱਕੀ ਕਰ ਗਈਆਂ'' ਗੁਰੂ ਰਵਿਦਾਸ ਜੀ ਦੀ ਜੀਵਨ ਅਤੇ ਸਿੱਖਿਆ 'ਤੇ ਆਧਾਰਿਤ ਸੀ। ''ਮਹਿਮਾ ਰਾਜਾ ਸਾਹਿਬ ਦੀ'' ਨਾਮਕ ਮਲਟੀ ਟੇਪ ਵਿਚ ਗੁਰਵਿੰਦਰ ਦਾ ਪਹਿਲਾ ਗੀਤ ਰਾਜਾ ਸਾਹਿਬ ਦੀ ਜੀਵਨੀ ਤੇ ਆਧਾਰਿਤ ਸੀ। ਰਾਜਾ ਸਾਹਿਬ ਜੀ ਦੀ ਕਿਰਪਾ ਨਾਲ ਉਸ ਤੋਂ ਬਾਅਦ ਆਪਣੀਆਂ ਸੋਲੋ ਟੇਪਾਂ ''ਜੈ ਰਾਜਾ ਸਾਹਿਬ ਦੀ ਬੋਲ ਮਨਾ'', ''ਕਿਰਪਾ ਤੇਰੀ ਰਾਜਾ ਜੀ,'' ਰੌਣਕਾਂ ਹੀ ਰੌਣਕਾਂ' (ਰਾਜਾ ਸਾਹਿਬ ਜੀ ਦੇ 150ਵੇਂ ਜਨਮ ਦਿਨ ਨੂੰ ਸਮਰਪਿਤ ''ਬਰਸੀ ਰਾਜਾ ਸਾਹਿਬ ਦੀ, ਜੋਤ ਇਲਾਹੀ (2013) ਵਿਚ ਰਾਜਾ ਸਾਹਿਬ ਜੀ ਦਾ ਜਸ ਗਾਇਆ ਜੋ ਸਮੂਹ ਸੰਗਤਾਂ ਵੱਲੋਂ ਸਲਾਹਿਆ ਗਿਆ। ਗੁਰਵਿੰਦਰ ਦਾ ਕਹਿਣਾ ਹੈ ਕਿ ਸਿਰਫ ਧਾਰਮਿਕ ਪ੍ਰੋਗਰਾਮ ਜਿਹਨਾਂ ਵਿਚ ਗੁਰੂ ਰਵਿਦਾਸ ਜੀ ਅਤੇ ਰਾਜਾ ਸਾਹਿਬ ਜੀ ਦੇ ਸਮਾਗਮ ਸ਼ਾਮਲ ਹੋਣ, ਉਹਨਾਂ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਧ ਅਤੇ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਗੀਤ ਵੀ ਉਸ ਨੂੰ ਸਕੂਨ ਦਿੰਦੇ ਹਨ। ਸੰਗਤ ਨੂੰ ਗੁਰੂ ਘਰ ਨਾਲ ਜੋੜਦੇ ਹਨ। ਏਕਤਾ ਮਿਊਜ਼ਿਕ, ਸੁਰਪ੍ਰੀਤ, ਐਮ 2, ਕਿੰਗ ਸਟਾਰ, ਬੀ. ਬੀ. ਸੀ. ਮਿਊਜ਼ਿਕ ਕੰਪਨੀਆਂ ਦੇ ਨਾਮ ਹੇਠ ਗੁਰਵਿੰਦਰ ਨੇ ਰਾਜ ਦਦਰਾਲ, ਬਲਬੀਰ ਹੀਰ ਮਜਾਰਾ ਰਾਜਾ ਸਾਹਿਬ, ਬੱਬੂ ਖਾਨ ਖਾਨਾ, ਕੁਲਵੀਰ ਤਲਵੰਡੀ ਫੱਤੂ, ਪਰਮਜੀਤ ਗੋਸਲ, ਸੱਤਪਾਲ ਸਾਹਲੋਂ, ਪੰਮੀ ਲਾਲੋ ਮਾਜਰਾ, ਬੱਗਾ ਡਿਮਾਣਾ, ਮੱਖਣ ਬੱਲੋਵਾਲ, ਗੁਰਸ਼ਰਨ ਸਹੋਤਾ (ਕਨੇਡਾ), ਨਾਮਵਰ ਗੀਤਕਾਰਾਂ ਦੇ ਗੀਤ ਗਾਏ ਹਨ। ਸਾਫ ਸੁਥਰੀ, ਨਿਰਪੱਖ ਸੋਚ ਦਾ ਧਾਰਨੀ ਗੁਰਵਿੰਦਰ ਬੱਲੋਵਾਲ ਆਪਣੀ ਪਤਨੀ ਸੁਖਵਿੰਦਰ ਕੌਰ, ਬੇਟਾ ਅਮਨਜੋਤ ਸਿੰਘ, ਬੇਟੀ ਵਰਨਦੀਪ ਕੌਰ ਅਤੇ ਆਪਣੇ ਮਾਤਾ ਪਿਤਾ ਨਾਲ ਬੱਲੋਵਾਲ ਵਿਚ ਰਹਿ ਰਿਹਾ ਹੈ। ਉਹ ਧਾਰਮਿਕ ਗਾਇਕੀ ਨੂੰ ਆਪਣੀ ਰੂਹ ਦੀ ਖੁਰਾਕ ਬਣਾ ਕੇ ਗੁਰੂ ਸਾਹਿਬਾਨਾਂ ਦੀ ਸੋਚ ਗੁਰੂ ਰਵਿਦਾਸ ਜੀ ਦੀ ਜੀਵਨ ਸੇਧ ਅਤੇ ਰਾਜਾ ਸਾਹਿਬ ਜੀ ਦੇ ਸਾਂਝੀਵਾਲਤਾ ਦੇ ਸੰਦੇਸ਼ ਦਿੰਦੇ ਗੀਤਾਂ ਨਾਲ ਸੰਗਤਾਂ ਦੀ ਸੇਵਾ ਵਿਚ ਹਰ ਵਕਤ ਹਾਜ਼ਰ ਹੈ। ਕਾਮਨਾ ਹੈ ਕਿ ਉਹ ਸਦਾ ਚੜ੍ਹਦੀ ਕਲਾ ਵਿਚ ਰਹੇ, ਮਹਾਂਪੁਰਸ਼ਾਂ ਦਾ ਆਸ਼ੀਰਵਾਦ ਪ੍ਰਾਪਤ ਕਰਦਾ ਰਹੇ।



ਗੁਰਵਿੰਦਰ ਬੱਲੋਵਾਲ

Mikasa HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014



Rakesh Chander
Realtor
Cell: (916) 698-3808
Fax: (916) 725-5812
Mikasa Homes & Funding
DRE Lic.: 01866732
Email: mchander@comcast.net, Web: www.mikasafunding.com



# "ਗਲੋਬਲ ਪੰਜਾਬ" ਟੀ ਵੀ ਚੈਨਲ ਵੱਲੋਂ ਸੈਕਰਾਮੈਂਟੋ ਵਿਚ ਨਵੇਂ ਸਟੂਡੀਓ ਦਾ ਸ਼ੁਭ ਆਰੰਭ, ਤਸਵੀਰਾਂ ਦੀ ਜ਼ੁਬਾਨੀ





















Pictures by Prem K. Chumber (Ambedkar Times & Desh Doaba)

# ਪੰਜਾਬ ਦੇ ਲੋਕ ਗ਼ਰੀਬ -ਸਰਕਾਰ ਅਮੀਰ- ਖਜਾਨਾ ਖਾਲੀ ਪ੍ਰੰਤੂ ਮੰਤਰੀਆਂ ਨੂੰ ਗੱਫੇ



ਉਜਾਗਰ ਸਿੰਘ
94178-13072

ਪੰਜਾਬ ਦੀ ਆਰਥਕਤਾ ਪੰਜਾਬ ਸਰਕਾਰ ਦੀ ਬੇਰੁਖੀ ਕਰਕੇ ਡਾਵਾਂਡੋਲ ਹੋਈ ਪਈ ਹੈ। ਵਿਕਾਸ ਦੀ ਰਫਤਾਰ ਵਿੱਚ ਖੜੋਤ ਆ ਗਈ ਹੈ। ਪੰਜਾਬ ਸਰਕਾਰ ਦਾ ਖਜਾਨਾ ਖਾਲੀ ਹੈ। ਕਰਮਚਾਰੀਆਂ ਦੀਆਂ ਤਨਖਾਹਾਂ ਦੇਣ ਲਈ ਪਿਛਲੇ ਮਹੀਨੇ ਬੈਂਕ ਆਫ ਇੰਡੀਆ ਤੋਂ 700 ਕਰੋੜ ਰੁਪਏ ਦਾ ਕਰਜ਼ਾ ਲਿਆ ਗਿਆ ਹੈ ਅਤੇ ਇਸ ਮਹੀਨੇ ਪੁਡਾ ਦੀ ਇਮਾਰਤ ਗਹਿਣੇ ਰੱਖ ਕੇ ਤਾਂ ਕਿਤੇ ਜਾਕੇ ਤਨਖਾਹਾਂ ਦਿੱਤੀਆਂ ਜਾ ਸਕੀਆਂ ਹਨ। ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਪੈਨਸ਼ਨਾ ਤੇ ਹਰ ਸਾਲ 20750 ਕਰੋੜ ਰੁਪਿਆ ਖਰਚ ਆਉਂਦਾ ਹੈ। ਡਾਕਟਰਾਂ ਨੂੰ ਅਜੇ ਪਿਛਲੇ ਦੋ ਮਹੀਨੇ ਤੋਂ ਤਨਖਾਹ ਨਹੀਂ ਮਿਲੀ। ਪੀ ਆਰ ਟੀ ਸੀ ਦੇ ਕਰਮਚਾਰੀਆਂ ਦੀਆਂ ਪੈਨਸ਼ਨਾਂ ਵੀ ਦੋ ਮਹੀਨੇ ਤੋਂ ਨਹੀਂ ਮਿਲੀਆਂ।ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕਾਂ ਦੇ ਏਰੀਅਰਾਂ ਦਾ ਕੇਂਦਰੀ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਆਪਣਾ 80 ਫੀ ਸਦੀ ਹਿੱਸਾ ਦੇ ਦਿੱਤਾ ਹੈ, ਪੰਜਾਬ ਸਰਕਾਰ ਨੇ ਆਪਣਾ 20 ਫੀ ਸਦੀ ਹਿੱਸਾ ਨਹੀਂ ਦਿੱਤਾ, ਜਿਸ ਕਰਕੇ ਏਰੀਅਰ ਬਕਾਇਆ ਪਏ ਹਨ।ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਅਧਿਆਪਕਾਂ ਨੂੰ ਪਿਛਲੇ ਪੰਜ ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ। ਹੁਣ ਫਿਰ 800 ਕਰੋੜ ਰੁਪਏ ਦੀਆਂ ਅਦਾਇਗੀਆਂ ਰੋਕ ਲਈਆਂ ਹਨ। ਰਿਟਾਇਰ ਹੋਏ ਕਰਮਚਾਰੀਆਂ ਦੇ ਰਿਟਾਇਰਮੈਂਟ ਬਕਾਏ ਅਤੇ ਮੈਡੀਕਲ ਬਿਲ 1681 ਕਰੋੜ ਦੇ ਬਕਾਇਆ ਰਹਿੰਦੇ ਹਨ। ਸਰਕਾਰ ਦੀ ਆਮਦਨ 3300 ਕਰੋੜ ਰੁਪਏ ਮਹੀਨਾ ਅਤੇ ਖਰਚਾ 3800 ਕਰੋੜ ਹੈ।500 ਕਰੋੜ ਹਰ ਮਹੀਨੇ ਘਾਟਾ ਵਧੀ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਜੀ ਐਸ ਡੀ ਪੀ ਤੇ ਕਰਜਾ ਲੈਣ ਦੀ ਸਾਢੇ ਤਿੰਨ ਫੀ ਦੀ ਥਾਂ ਤੇ ਤਿੰਨ ਫੀ ਸਦੀ ਹੱਦ ਕਰ ਦਿੱਤੀ ਹੈ।ਸ਼ਗਨ ਸਕੀਮ ਦੇ ਬਕਾਏ ਅਜੇ ਇੱਕ ਸਾਲ ਦੇ ਪਏ ਹਨ। ਹਰ ਸਾਲ 50 ਹਜ਼ਾਰ ਲੜਕੀਆਂ ਨੂੰ ਸ਼ਗਨ ਸਕੀਮ ਅਧੀਨ 15000 ਰੁਪਏ ਪ੍ਰਤੀ ਲੜਕੀ ਦੇ ਵਿਆਹ ਤੇ ਸ਼ਗਨ ਦੇ ਤੌਰ ਤੇ ਦਿੱਤੇ ਜਾਂਦ ਹਨ ਅਜੇ 35000 ਲੜਕੀਆਂ ਦੇ ਸ਼ਗਨ ਦੇ ਬਕਾਏ ਦੇਣੋਂ ਰਹਿੰਦ ਹਨ। ਸਾਲ 2009-10 ਦੇ 12956,2010-11 ਦੇ9800,2012-13 ਦੇ 5811 ਕੇਸ ਬਕਾਇਆ ਪਏ ਹਨ।ਪੰਜਾਬ ਦੇ 966 ਸਕੂਲਾਂ ਵਿੱਚ ਲੜਕੀਆਂ ਲਈ ਖੁਸ਼ਹਾਲ ਸਟੇਟ ਵਿੱਚ ਪਾਖਾਨੇ ਨਹੀਂ ਹਨ।ਇਸ ਤੋਂ ਇਲਾਵਾ 110 ਸਕੂਲਾਂ ਦੀਆਂ ਇਮਾਰਤਾਂ ਅਸੁਰੱਖਿਅਤ ਹਨ।ਕੈਗ ਦੀ ਰਿਪੋਰਟ ਅਨੁਸਾਰ 4550 ਕਰੋੜ ਰੁਪਏ ਦੇ ਕੇਂਦਰੀ ਫੰਡ ਪੰਜਾਬ ਸਰਕਾਰ ਨੇ ਡਾਈਵਰਟ ਕਰ ਲਏ, ਇਸ ਤੋਂ ਇਲਾਵਾ 1620 ਕਰੋੜ ਰੁਪਏ ਦੇ ਕੇਂਦਰੀ ਫੰਡਾਂ ਦੇ ਖਰਚੇ ਦਾ ਰਿਕਾਰਡ ਹੀ ਨਹੀਂ ਮਿਲ ਰਿਹਾ ਕਿ ਉਹ ਰਕਮ ਕਿੱਥੇ ਚਲੀ ਗਈ। ਇਸੇ ਤਰ੍ਹਾਂ ਕੇਂਦਰ ਸਰਕਾਰ ਵਲੋਂ ਇੰਦਰਾ ਆਵਾਸ ਯੋਜਨਾ ਅਧੀਨ ਗਰੀਬਾਂ ਨੂੰ ਮਕਾਨ ਬਨਾਉਣ ਲਈ ਇੱਕ ਇੱਕ ਲੱਖ ਰੁਪਏ ਦੀਆਂ ਗ੍ਰਾਂਟਾਂ ਦੇਣ ਲਈ ਭੇਜੀ ਰਕਮ ਵਿੱਚੋ 30 ਜਨਵਰੀ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ45 ਕਰੋੜ ਰੁਪਏ ਮੁਕਤਸਰ ਜਿਲ੍ਹੇ ਵਿੱਚ ਅਤੇ 40 ਕਰੋੜ ਰੁਪਏ ਮੁੱਖ ਮੰਤਰੀ ਨੇ ਆਪਣੇ ਹੀ ਹਲਕੇ ਵਿੱਚ ਵੰਡ ਦਿੱਤੇ। ਵੈਟ ਤੋਂ ਹੋਣ ਵਾਲੀ ਉਗਰਾਹੀ ਵਿੱਚੋਂ 20000 ਕਰੋੜ ਰੁਪਿਆ ਤਨਖਾਹਾਂ ਤੇ ਪੈਨਸ਼ਨਾ ਤੇ ਹੀ ਖਰਚ ਹੋ ਜਾਂਦਾ ਹੈ। ਇਸ ਸਮੇਂ ਪੰਜਾਬ ਸਰਕਾਰ ਸਿਰ 95670 ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਕਰਜ਼ੇ ਦੀ ਕਿਸ਼ਤ ਅਤੇ ਵਿਆਜ ਦੇਣ ਨਾਲ ਹੀ ਖਜਾਨਾ ਖਾਲੀ ਹੋ ਜਾਂਦਾ ਹੈ। ਮਹਿੰਗਾਈ, ਭਰਿਸ਼ਟਾਚਾਰ, ਲਾਲਚ, ਅਨੈਤਿਕਤਾ, ਧੱਕੇਸ਼ਾਹੀ, ਜ਼ੋਰ ਜਬਰਦਸਤੀ ਨੇ ਲੋਕਾਂ ਦਾ ਜੀਣਾਂ ਦੁੱਭਰ ਕਰ ਦਿੱਤਾ ਹੈ।ਲੋਕਾਂ ਵਿੱਚ ਹਾਹਾਕਾਰ ਮੱਚੀ ਹੋਈ ਹੈ। ਬਿਜਲੀ, ਪਾਣੀ, ਪੈਟਰੌਲ, ਡੀਜ਼ਲ ਦੇ ਬਿਲਾਂ ਨੇ ਲੋਕਾਂ ਦੇ ਨੱਕ ਵਿੱਚ ਦਮ ਲਿਆ ਦਿੱਤਾ ਹੈ। ਬੇਰੋਜ਼ਗਾਰੀ ਨੇ ਨੌਜਵਾਨਾ ਨੂੰ ਨਸ਼ਿਆਂ ਵਲ ਧਕੇਲ ਦਿੱਤਾ ਹੈ। ਨੌਜਵਾਨ ਅਸ਼ੰਤੁਸ਼ਟਤਾ ਕਰਕੇ ਖੁਦਕਸ਼ੀਆਂ ਕਰ ਰਹੇ ਹਨ। ਸਰਕਾਰ ਦੇ ਮੰਤਰੀ ਗੁੱਲਛਰੇ ਉਡਾ ਰਹੇ ਹਨ।ਪੰਜਾਬ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਲਈ 38 ਕਰੋੜ ਰੁਪਏ ਦਾ ਹੈਲੀਕਾਪਟਰ ਕਾਨੂੰਨ ਦੀਆਂ ਧਜੀਆਂ ਉਡਾਕੇ ਬਿਨਾ ਟੈਂਡਰਾਂ ਤੋਂ ਹੀ ਖ੍ਰੀਦ ਲਿਆ ਗਿਆ ਹੈ। ਦੋ ਬੀ ਐਮ ਡਬਲਿਊ ਕਾਰਾਂ ਸਾਢੇ ਤਿੰਨ ਤਿੰਨ ਕਰੋੜ ਦੀਆਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਲਈ ਅਤੇ ਵਿਧਾਨਕਾਰਾਂ ਲਈ ਇਨੋਵਾ ਕਾਰਾਂ ਦੀ ਥਾਂ ਤੇ ਨਵੀਆਂ ਹੋਰ ਮਹਿੰਗੀਆਂ ਆਰਾਮਪ੍ਰਸਤੀ ਵਾਲੀਆਂ ਕਾਰਾਂ ਖ੍ਰੀਦੀਆਂ ਜਾ ਰਹੀਆਂ ਹਨ। ਹੈਲੀਕਾਪਟਰ ਰੇੜ੍ਹੇ ਦੀ ਤਰ੍ਹਾਂ ਵਰਤਿਆ ਜਾ ਰਿਹਾ ਹੈ। ਲੋਕਾਂ ਦੇ ਪੈਸੇ ਦੀ ਦੁਰਵਰਤੋਂ ਹੋ ਰਹੀ ਹੈ।ਦੂਜੇ ਪਾਸੇ ਖਰਚੇ ਬਚਾਉਣ ਲਈ ਕਰਮਚਾਰੀਆਂ ਨੂੰ ਰਿਟਾਇਰਮੈਂਟ ਲਾਭ ਦੇਣ ਤੇ ਹੋਣ ਵਾਲਾ ਖਰਚਾ ਬਚਾਉਣ ਲਈ ਕਰਮਚਾਰੀਆਂ ਦੀ ਰਿਟਾਇਰਮੈਂਟ ਉਮਰ ਵਧਾ ਕੇ 60 ਸਾਲ ਕਰ ਦਿੱਤੀ ਗਈ ਹੈ ਤਾਂ ਜੋ 1000 ਕਰੋੜ ਰੁਪਿਆ ਬਚਾਇਆ ਜਾ ਸਕੇ। ਇਹ ਨਹੀਂ ਸੋਚਿਆ ਕਿ ਇਸ ਤਰ੍ਹਾਂ ਕਰਨ ਨਾਲ ਬੇਰੋਜਗਾਰੀ ਹੋਰ ਵਧੇਗੀ। ਕਰਮਚਾਰੀਆਂ ਨੂੰ ਤਨਖਾਹਾਂ ਤਾਂ ਦੇਣੀਆਂ ਹੀ ਪੈਣਗੀਆਂ।


ਇਹ ਫੈਸਲਾ ਵਕਤੀ ਤੌਰ ਤੇ ਡੰਗ ਟਪਾਉਣ ਲਈ ਕੀਤਾ ਗਿਆ ਹੈ ਪ੍ਰੰਤੂ ਲੋਕ ਸਭਾ ਚੋਣਾਂ ਤੋਂ ਬਾਅਦ ਵੱਡੇ ਪੱਧਰ ਤੇ ਟੈਕਸ ਲਗਾਕੇ ਘਾਟਾ ਪੂਰਾ ਕਰਨ ਲਈ ਟੈਕਸ ਲਾਉਣ ਦਾ ਅੱਕ ਚੱਬਣਾਂ ਪਵੇਗਾ।ਤੁਸੀਂ ਖੁਦ ਹੀ ਸੋਚੋ ਆਪਾਂ ਆਪਣੇ ਘਰਾਂ ਦਾ ਗੁਜ਼ਾਰਾ ਤੋਰਨ ਲਈ ਆਪਣੇ ਵਿਤ ਮੁਤਾਬਕ ਹਰ ਕੰਮ ਕਰਦੇ ਹਾਂ ਕਿ ਸਾਡੀ ਆਮਦਨ ਕਿੰਨੀ ਹੈ ਤੇ ਖਰਚਾ ਉਸ ਹਿਸਾਬ ਨਾਲ ਕਰਦੇ ਹਾਂ ਏਥੇ ਪੰਜਾਬ ਸਰਕਾਰ ਆਮਦਨ ਤੋਂ ਵੱਧ ਖਰਚੇ ਬੇਕਿਰਕੀ ਨਾਲ ਕਰ ਰਹੀ ਹੈ ਉਹ ਵੀ ਫਜ਼ੂਲ ਕੰਮਾਂ ਤੇ।ਸਾਲ 2012-13 ਦੀ ਯੋਜਨਾ ਵਿੱਚ 4758 ਕਰੋੜ ਰੁਪਏ ਦਾ ਖਸਾਰਾ ਘਾਟਾ ਸੀ, ਜੇਕਰ ਟੈਕਸ ਲਾਕੇ ਘਾਟਾ ਪੂਰਾ ਕੀਤਾ ਜਾਵੇ ਤਾਂ ਸਰਕਾਰ ਦਾ ਕੰਮ ਕਾਜ਼ ਸੁਚੱਜੇ ਢੰਗ ਨਾਲ ਚਲ ਸਕਦਾ ਹੈ ਪ੍ਰੰਤੂ ਵਪਾਰੀ ਵਰਗ ਜੋ ਸਰਕਾਰ ਵਿੱਚ ਬੀ ਜੇ ਪੀ ਦੇ ਰੂਪ ਵਿੱਚ ਸ਼ਾਮਲ ਹੈ ਉਹ ਟੈਕਸ ਨਹੀਂ ਲਗਾਉਣ ਦਿੰਦੇ। ਉਲਟਾ ਲੋਕਾਂ ਤੇ ਬਿਜਲੀ, ਪਾਣੀ ਅਤੇ ਹੋਰ ਟੈਕਸ ਲਾਕੇ ਉਹਨਾ ਦਾ ਹੀ ਗਲਾ ਘੁਟਿਆ ਜਾ ਰਿਹਾ ਹੈ। ਇਸਦੇ ਉਲਟ ਕਿਸਾਨਾ ਅਤੇ ਅਨੁਸੂਚਿਤ ਜਾਤੀਆਂ ਨੂੰ ਬਿਜਲੀ ਅਤੇ ਪਾਣੀ ਤੇ ਸਬਸਿਡੀ ਦੇ ਕੇ ਵੋਟਾਂ ਦੀ ਸਿਆਸਤ ਕੀਤੀ ਜਾ ਰਹੀ ਹੈ। ਬਿਜਲੀ ਬੋਰਡ ਹਰ ਸਾਲ ਕਿਸਾਨਾਂ ਨੂੰ 5785 ਕਰੋੜ ਦੀ ਸਬਸਿਡੀ ਦੇ ਰਿਹਾ ਹੈ। ਸਰਕਾਰ ਦੋਹਰੇ ਮਾਪਦੰਡ ਅਪਣਾ ਰਹੀ ਹੈ ਆਪ ਅਤੇ ਆਪਣੇ ਚਹੇਤਿਆਂ ਨੂੰ ਲਾਭ ਪਹੁੰਚਾ ਰਹੀ ਹੈ ਪ੍ਰੰਤੂ ਪੰਜਾਬ ਦੇ ਲੋਕਾਂ ਨੂੰ ਰੇਤਾ ਅਤੇ ਬਜਰੀ ਸੋਨੇ ਦੇ ਭਾਅ ਦੇ ਰਹੀ ਹੈ। ਹੁਣ ਲੁਧਿਆਣਾ ਵਿਖੇ ਰੇਤਾ ਬਜਰੀ ਮੰਡੀ ਬਨਾਉਣ ਦਾ ਐਲਾਨ ਹੋਇਆ ਹੈ, ਉਸ ਉਪਰ ਵੀ ਸਰਕਾਰੀ ਚਹੇਤੇ ਹੀ ਕਬਜਾ ਕਰਨਗੇ। ਐਫ ਡੀ ਆਈ ਵਰਗੇ ਮੁੱਦੇ ਤੇ ਵਿਰੋਧ ਕਰਕੇ ਸਰਕਾਰ ਵਪਾਰੀਆਂ ਦਾ ਪੱਖ ਪੂਰ ਰਹੀ ਹੈ ਜੇ ਐਫ ਡੀ ਆਈ ਲਾਗੂ ਹੋ ਜਾਂਦੀ ਤਾਂ ਹਰ ਵਸਤੂ ਰਸੀਦ ਲੈ ਕੇ ਖ੍ਰੀਦੀ ਜਾ ਸਕਣੀ ਸੀ ਉਹ ਟੈਕਸ ਸਰਕਾਰ ਕੋਲ ਆਉਣਾ ਸੀ ਹੋਰ ਟੈਕਸ ਲਾਉਣ ਦੀ ਲੋੜ ਹੀ ਨਹੀਂ ਪੈਣੀ ਸੀ ਹੁਣ ਵਪਾਰੀ ਲੋਕਾਂ ਤੋਂ ਤਾਂ ਟੈਕਸ ਲੈ ਲੈਂਦੇ ਹਨ ਪ੍ਰੰਤੂ ਰਸੀਦ ਨਾ ਦੇਣ ਕਰਕੇ ਸਰਕਾਰ ਤੋਂ ਚੋਰੀ ਕਰਦੇ ਹਨ।ਪੈਟਰੌਲ ਅਤੇ ਡੀਜਲ ਤੇ ਪੰਜਾਬ ਵਿੱਚ ਕਿਸਾਨਾਂ ਦੀ ਹਿਤੈਸ਼ੀ ਕਹਾਉਣ ਦਾ ਮਖੌਟਾ ਪਾ ਕੇ ਸਰਕਾਰ ਦੇਸ਼ ਵਿੱਚੋਂ ਸਭ ਤੋਂ ਵੱਧ ਵੈਟ ਲਾ ਰਹੀ ਹੈ।

ਲੋਕਾਂ ਤੇ ਆਰਥਕ ਬੋਝ ਪਾਉਣ ਲਈ ਹੁਣ ਸਰਕਾਰ ਅਣਅਧਿਕਾਰਤ 6000 ਦੇ ਕਰੀਬ ਕਾਲੋਨੀਆਂ ਨੂੰ ਰੈਗੂਲਰ ਕਰਨ ਦੀ ਆੜ ਵਿੱਚ 400 ਰੁਪਏ ਪ੍ਰਤੀ ਗਜ਼ ਟੈਕਸ ਲਾ ਕੇ 200 ਕਰੋੜ ਰੁਪਿਆ ਇੱਕਠਾ ਕਰ ਰਹੀ ਹੈ। ਇਸ ਤੋਂ ਇਲਾਵਾ 500 ਕਰੋੜ ਰੁਪਏ ਦੇ ਪ੍ਰੋਫੈਸ਼ਨਲ ਟੈਕਸ ਲਾ ਰਹੀ ਹੈ। ਵਪਾਰੀਆਂ ਨਾਲ ਸਰਕਾਰ ਦੇ ਮਿਲੀ ਹੋਣ ਕਰਕੇ ਸਰਕਾਰ 16 ਫੀ ਸਦੀ ਰੈਵਨਿਊ ਉਗਰਾਹੀ ਵਧਾਉਣ ਦਾ ਟੀਚਾ ਪੂਰਾ ਨਹੀਂ ਕਰ ਸਕੀ। ਪਿਛਲੇ ਸਾਲ ਇਹ ਉਗਰਾਹੀ ਪਹਿਲੀ ਤਿਮਾਹੀ ਅਪ੍ਰੈਲ-ਜੂਨ 6525 ਕਰੋੜ ਰੁਪਏ ਸੀ, ਇਸ ਸਾਲ ਇਹ 7050 ਕਰੋੜ ਰੁਪਏ ਹੈ। ਇਸੇ ਤਰ੍ਹਾਂ ਵੈਟ ਦੀ ਪਹਿਲੀ ਤਿਮਾਹੀ ਦੀ ਉਗਰਾਹੀ ਪਿਛਲੇ ਸਾਲ 3680 ਕਰੋੜ ਰੁਪਏ ਸੀ ਇਸ ਸਾਲ ਇਹ4126 ਕਰੋੜ ਰੁਪਏ ਹੈ ਜੋ ਕਿ ਸਿਰਫ 11-9 ਫੀ ਸਦੀ ਬਣਦੀ ਹੈ, ਇਹ ਉਗਰਾਹੀ 25 ਫੀ ਸਦੀ ਵਧਾਉਣ ਦਾ ਟੀਚਾ ਸੀ। ਸਟੈਂਪ ਉਗਰਾਹੀ ਪਿਛਲੇ ਸਾਲ ਪਹਿਲੀ ਤਿਮਾਹੀ ਵਿੱਚ 800-23 ਕਰੋੜ ਰੁਪਏ ਸੀ ਇਸ ਸਾਲ ਇਹ ਸਿਰਫ 800-34 ਕਰੋੜ ਰੁਪਏ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਸਰਕਾਰ ਨਿਸ਼ਾਨਾ ਪ੍ਰਾਪਤੀ ਵਿੱਚ ਬਹੁਤ ਹੀ ਪਛੜ ਗਈ ਹੈ ਜਿਸ ਕਰਕੇ ਪੰਜਾਬ ਦੇ ਖਜਾਨੇ ਦੀ ਹਾਲਤ ਸੁਧਰਨ ਦੀ ਕੋਈ ਉਮੀਦ ਹੀ ਨਹੀਂ ਇਸੇ ਤਰ੍ਹਾਂ ਪੰਜਾਬ ਦੇ ਲੋਕਾਂ ਨੂੰ ਫਾਕੇ ਕੱਟਣੇ ਪੈਣਗੇ।

ਸਰਕਾਰ ਦੇ ਅਧਿਕਾਰੀ ਸਿਰਫ ਤਜਵੀਜਾਂ ਬਣਾਉਂਦੇ ਹਨ ਸਰਕਾਰ ਉਹਨਾਂ ਨੂੰ ਸਿਆਸੀ ਮਜ਼ਬੂਰੀਆਂ ਕਰਕੇ ਪੂਰੀਆਂ ਨਹੀਂ ਕਰਨ ਦਿੰਦੀ। ਹੁਣ ਸਰਕਾਰ ਰੋਜ ਮਰਹਾ ਦਾ ਡੰਗ ਟਪਾਉਣ ਲਈ ਸਰਕਾਰੀ ਜ਼ਮੀਨਾਂ ਵੇਚਣਾ ਪ੍ਰੋਗਰਾਮ ਬਣਾ ਰਹੀ ਹੈ। ਸਿੰਜਾਈ ਵਿਭਾਗ ਨੇ ਆਪਣੇ 50 ਆਰਾਮ ਘਰ ਅਤੇ 2000 ਏਕੜ ਜ਼ਮੀਨ ਵੇਚਣ ਲਈ ਪਛਾਣ ਕਰ ਲਈ ਹੈ। ਪੁਡਾ ਅਤੇ ਲੋਕ ਨਿਰਮਾਣ ਵਿਭਾਗ ਦੀਆਂ ਇਮਾਰਤਾਂ ਗਹਿਣੇ ਰੱਖ ਦਿੱਤੀਆਂ ਹਨ। ਹੁਣ ਬਾਕੀ ਵਿਭਾਗਾਂ ਅਤੇ ਨਗਰ ਕੌਂਸਲਾਂ ਅਤੇ ਨਗਰ ਨਿਗਮਾਂ ਨੂੰ ਵੇਚਣ ਯੋਗ ਜ਼ਮੀਨਾਂ ਦੀ ਪਛਾਣ ਕਰਨ ਦੇ ਹੁਕਮ ਦਿੱਤੇ ਗਏ ਹਨ। ਉਧਾਰ ਲੈਕੇ ਕਿੰਨੀ ਕੁ ਦੇਰ ਕੰਮ ਚਲੇਗਾ। ਇਹ ਤਾਂ ਕੇਂਦਰੀ ਸਕੀਮਾਂ ਦੇ ਸਹਾਰੇ ਸਰਕਾਰ ਚਲੀ ਜਾ ਰਹੀ ਹੈ ਜੇ ਕੇਂਦਰੀ ਸਕੀਮਾਂ ਬੰਦ ਹੋ ਗਈਆਂ ਤਾਂ ਪੰਜਾਬ ਦਾ ਤਾਂ ਰੱਬ ਹੀ ਰਾਖਾ ਹੋਵੇਗਾ।

ਇਸ ਵਿਚਾਰ ਚਰਚਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਸਰਕਾਰ ਨੂੰ ਆਪਣੀ ਚਾਦਰ ਵੇਖਕੇ ਪੈਰ ਪਸਾਰਨੇ ਚਾਹੀਦੇ ਹਨ।ਆਮਦਨ ਤੋਂ ਵੱਧ ਖਰਚੇ ਕਰਕੇ ਲੋਕਾਂ ਤੇ ਭਾਰ ਨਾ ਪਾਇਆ ਜਾਵੇ ਅਤੇ ਫਜ਼ੂਲਖਰਚੀ ਬੰਦ ਕੀਤੀ ਜਾਵੇ। ਟੈਕਸ ਚੋਰਾਂ ਦੀ ਲਗਾਮ ਕਸਣੀ ਚਾਹੀਦੀ ਹੈ। ਸਰਕਾਰ ਨੂੰ ਲੋਕ ਭਲਾਈ ਦੀਆਂ ਸਕੀਮਾਂ ਦੀ ਆੜ ਵਿੱਚ ਮੁਫਤਖੋਰੀ ਪਈ ਆਦਤ ਨੂੰ ਹੋਰ ਵਧਾਵਾ ਨਹੀਂ ਦੇਣਾ ਚਾਹੀਦਾ ਜੇ ਹੋ ਸਕੇ ਤਾਂ ਸਾਰੇ ਸ਼ਹਿਰੀਆਂ ਨਾਲ ਇੱਕੋ ਜਿਹਾ ਵਿਵਹਾਰ ਕੀਤਾ ਜਾਵੇ। ਵਪਾਰੀ ਵਰਗ ਦੇ ਦਬਾਆ ਵਿੱਚੋਂ ਬਾਹਰ ਆਕੇ ਆਮ ਜਨਤਾ ਦੇ ਹਿੱਤਾਂ ਤੇ ਪਹਿਰਾ ਦਿੱਤਾ ਜਾਵੇ।ਭਰਿਸ਼ਟਚਾਰ ਨੂੰ ਨੱਥ ਪਾਈ ਜਾਵੇ। ਆਪਣੇ ਚਹੇਤਿਆਂ ਨੂੰ ਵੀ ਪਾਰਦਰਸ਼ੀ ਰਾਜ ਪ੍ਰਬੰਧ ਵਿੱਚ ਰੋੜਾ ਬਣਨ ਤੋਂ ਰੋਕਿਆ ਜਾਵੇ। ਸਰਕਾਰ ਆਪਣੀ ਜਿੰਮੇਵਾਰੀ ਨੂੰ ਸਮਝਣ ਦੀ ਖੇਚਲ ਕਰੇ ਤਾਂ ਜੋ ਪੰਜਾਬ ਦੇ ਲੋਕ ਸੁਖ ਦਾ ਸਾਹ ਲੈ ਸਕਣ।

# ਨਰਿੰਦਰ ਦਭੋਲਕਰ ਨੂੰ ਯਾਦ ਕਰਦਿਆਂ



ਨਰਿੰਦਰ ਦਭੋਲਕਰ



ਮੇਘ ਰਾਜ ਮਿੱਤਰ
(98887-87440)

ਤਰਕਸ਼ੀਲਾਂ ਨੂੰ ਚਾਹੀਦਾ ਹੈ ਕਿ ਉਹ "ਮੰਦਰਾਂ, ਮੂਰਤੀਆਂ ਤੇ ਗਰੰਥਾਂ ਨਾਲੋਂ ਇਨਸਾਨੀਅਤ ਨੂੰ ਵੱਧ ਪਿਆਰ ਕਰਨ'' ਇਹ ਸ਼ਬਦ ਡਾਕਟਰ ਨਰਿੰਦਰ ਦਭੋਲਕਰ ਦੇ ਸਨ ਜਦੋਂ ਮੈਂ ਉਸਨੂੰ ਤਰਕਸ਼ੀਲਾਂ ਦੀ ਇੱਕ ਕਾਨਫਰੰਸ ਵਿੱਚ ਬੋਲਦਿਆਂ ਸੁਣਿਆ ਸੀ। 1989 ਵਿੱਚ ਉਸਨੇ ਅੰਧਵਿਸ਼ਵਾਸਾਂ ਵਿਰੁੱਧ ਦ੍ਰਿੜ੍ਹਤਾ ਪੂਰਵਕ ਸੰਘਰਸ਼ ਕਰਨ ਵਾਲੀ ਜਥੇਬੰਦੀ ਅੰਧਸ਼ਰਧਾ ਨਿਰਮੂਲਣ ਸੰਮਤੀ ਬਣਾਈ ਇਸ ਸੰਸਥਾ ਨੇ ਛੇਤੀ ਹੀ ਆਪਣੇ ਲੋਕ ਭਲਾਈ ਕਾਰਜਾਂ ਰਾਹੀਂ ਸਮੁੱਚੇ ਮਹਾਰਾਸ਼ਟਰ ਵਿੱਚ ਆਪਣੀ ਧਾਕ ਜਮਾ ਲਈ। ਸਮਾਜ ਨੂੰ ਜੋਕਾਂ ਦੀ ਤਰ੍ਹਾਂ ਚਿੰਬੜਿਆ ਸਾਧ ਸੰਤ ਲਾਣਾ ਉਸਦਾ ਨਾਂ ਸੁਣਕੇ ਹੀ ਥਰ ਥਰ ਕੰਬਦਾ ਸੀ। ਚੋਟੀ ਦੇ ਸਿਆਣੇ ਅਖਵਾਉਣ ਵਾਲੇ ਇਹ ਵਿਅਕਤੀ ਉਸਦੇ ਸਾਹਮਣੇ ਕੱਖੋਂ ਹੋਲੇ ਹੋ ਜਾਂਦੇ। ਨਰਿੰਦਰ ਦਭੋਲਕਰ ਨੇ ਆਪਣੀ 24 ਵਰ੍ਹਿਆਂ ਦੀ ਤਰਕਸ਼ੀਲ ਜ਼ਿੰਦਗੀ ਵਿਚ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ। ਅੱਜ ਕੱਲ ਉਹ ਇੱਕ ਮਰਾਠੀ ਸਪਤਾਹਿਕ 'ਸਾਧਨਾ' ਦਾ ਸੰਪਾਦਕ ਸੀ। ਉਹ ਇੱਕ "ਜਾਦੂ ਟੂਣਾ'' ਵਿਰੋਧੀ ਬਿਲ ਮਹਾਂਰਾਸ਼ਟਰ ਦੀ ਅਸੈਂਬਲੀ ਵਿੱਚੋਂ ਪਾਸ ਕਰਵਾਉਣ ਲਈ ਯਤਨਸ਼ੀਲ ਸੀ। ਇਹ ਬਿੱਲ ਪਿਛਲੇ 5-6 ਸਾਲਾਂ ਤੋਂ ਲਟਕ ਰਿਹਾ ਹੈ ਕਿਉਂਕਿ ਧਾਰਮਿਕ ਕੱਟੜਪੰਥੀਆਂ ਪੱਖੀ ਲਾਬੀ ਇਸ ਬਿਲ ਦਾ ਵਿਰੋਧ ਕਰ ਰਹੀ ਹੈ। ਅਸੈਂਬਲੀ ਵਿੱਚ ਸਿਰਫ਼ ਭਾਰਤੀ ਜਨਤਾ ਪਾਰਟੀ ਤੇ ਸਿਵਸੈਨਾ ਇਸ ਬਿਲ ਦੇ ਹੱਕ ਵਿੱਚ ਨਹੀਂ ਹਨ। ਬਾਕੀ ਪਾਰਟੀਆਂ ਇਹ ਬਿੱਲ ਲਿਆਉਣ ਦੇ ਹੱਕ ਵਿੱਚ ਹਨ ਪਰ ਉਹ ਵੀ ਦੋਹਰਾ ਮਿਆਰ ਰੱਖ ਰਹੀਆਂ ਹਨ। ਨੀਤੀ ਦੇ ਦਿਖਾਵੇ ਦੇ ਤੌਰ 'ਤੇ ਇਸ ਦੇ ਪੱਖ ਵਿੱਚ ਪਰ ਇਸ ਬਿੱਲ ਨੂੰ ਹਕੀਕਤ ਵਿੱਚ ਬਦਲਣ ਦੇ ਵਿਰੋਧ ਵਿੱਚ ਹਨ। ਇਸ ਲਈ ਤਾਂ ਇਹ ਬਿੱਲ ਅਸੈਂਬਲੀ ਵਿੱਚ ਲਿਆਂਦਾ ਹੀ ਨਹੀਂ ਜਾ ਰਿਹਾ ਹੈ। ਡਾਕਟਰ ਨਰਿੰਦਰ ਦਭੋਲਕਰ ਪੇਸ਼ੇ ਦੇ ਤੌਰ 'ਤੇ ਮੈਡੀਕਲ ਡਾਕਟਰ ਸੀ ਬਾਰਾਂ ਵਰ੍ਹੇ ਉਸਨੇ ਸਰਕਾਰੀ ਨੌਕਰੀ ਵਿੱਚ ਵੀ ਲਾਏ ਸਨ। ਪਰ ਫਿਰ ਉਸਨੇ ਅਸਤੀਫਾ ਦੇ ਦਿੱਤਾ ਤੇ ਲੋਕ ਭਲਾਈ ਦੇ ਕੰਮਾਂ ਲਈ ਦਿਨ ਰਾਤ ਇੱਕ ਕਰ ਦਿੱਤਾ। ਪਹਿਲਾਂ ਪਹਿਲ ਤਾਂ ਉਸਨੇ ਮਹਾਰਾਸ਼ਟਰ ਦੇ ਹਰੇਕ ਪਿੰਡ ਲਈ ਇਕੋ ਖੂਹ ਦੀ ਮੁਹਿੰਮ ਤੋਰੀ ਇਸ ਮੁਹਿੰਮ ਦਾ ਉਦੇਸ਼ ਪਿੰਡਾਂ ਵਿੱਚੋਂ ਛੂਤ ਛਾਤ ਦਾ ਖਾਤਮਾ ਕਰਨਾ ਸੀ। ਚਲਾਕ ਸਿਆਸਤਦਾਨ ਹਮੇਸ਼ਾ ਹੀ ਲੋਕਾਂ ਨੂੰ ਲੋਕਾਂ ਨਾਲ ਲੜਾਉਣ ਲਈ ਯਤਨਸ਼ੀਲ ਰਹਿੰਦੇ ਹਨ ਇਨ੍ਹਾਂ ਗੱਲਾਂ ਲਈ ਉਹ ਧਰਮ ਤੇ ਧਾਰਮਿਕ ਗ੍ਰੰਥਾਂ ਦਾ ਪੂਰਾ ਹੀ ਫਾਇਦਾ ਉਠਾਉਂਦੇ ਹਨ। ਮੇਰੇ ਭਾਰਤ ਵਿੱਚ ਅੱਜ ਵੀ ਕਰੋੜਾਂ ਲੋਕ ਅਜਿਹੇ ਹਨ ਜਿਹੜੇ ਜਾਤ-ਪਾਤ ਦੇ ਨਾਂ ਉਤੇ ਦੂਸਰੇ ਕਰੋੜਾਂ ਲੋਕਾਂ ਨਾਲ ਭੇਦ ਭਾਵ ਕਰਦੇ ਹਨ। ਮੈਂ ਖੁਦ ਅਜਿਹੀ ਅਧਿਆਪਕਾ ਨਾਲ ਔਖਾ ਭਾਰਾ ਹੋਇਆ ਸਾਂ ਜਿਹੜੀ ਦਲਿਤ ਵਿਦਿਆਰਥੀਆਂ ਦੀ ਭਿੱਟੇ ਜਾਣ ਦੇ ਡਰੋਂ ਕਾਪੀਆਂ ਵੀ ਚੈੱਕ ਨਹੀਂ ਕਰਿਆ ਕਰਦੀ ਸੀ। ਬਹੁਤ ਸਾਰੇ ਘਰਾਂ ਵਿੱਚ ਅੱਜ ਵੀ ਦਲਿਤਾਂ ਦੇ ਬਰਤਨ ਅਲੱਗ ਰੱਖੇ ਹੁੰਦੇ ਹਨ। ਅਜਿਹੀਆਂ ਬੁਰਾਈਆਂ ਨੂੰ ਭਾਵੇਂ ਸਾਡਾ ਸੰਵਿਧਾਨ ਕਾਨੂੰਨੀ ਤੌਰ 'ਤੇ ਗਲਤ ਕਹਿੰਦਾ ਹੈ। ਪਰ ਅੱਜ ਵੀ ਸਾਡੇ ਲੀਡਰ ਜਾਤ-ਪਾਤ ਦੇ ਨਾਂ 'ਤੇ ਉਸਰੀਆਂ ਸੰਸਥਾਵਾਂ ਚੌਂਕਾਂ, ਇਮਾਰਤਾਂ, ਧਾਰਮਿਕ ਸਥਾਨਾਂ, ਵਿਦਿਅਕ ਸੰਸਥਾਵਾਂ ਨੂੰ ਕਰੋੜਾਂ ਰੁਪਏ ਵੰਡ ਰਹੇ ਹਨ। ਪੈਸੇ ਭਾਵੇਂ ਉਨ੍ਹਾਂ ਨੇ ਆਪਣੇ ਅਖਤਿਆਰੀ ਕੋਟੇ ਵਿੱਚ ਦੇਣੇ ਹੁੰਦੇ ਹਨ ਪਰ ਇਹ ਗੈਰ ਸੰਵਿਧਾਨਕ ਹਨ।

ਡਾਕਟਰ ਦਭੋਲਕਰ ਨੇ ਇਸਤੋਂ ਬਾਅਦ ਨਸ਼ਾ ਵਿਰੋਧੀ ਅਭਿਆਨ ਚਲਾਇਆ। ਉਹ ਆਪਣੇ ਇਲਾਕੇ 'ਸਤਾਰੇ' ਦੇ ਨਸ਼ਾ ਛੁਡਾਊ ਕੇਂਦਰ ਦਾ ਮੁਖੀ ਵੀ ਰਿਹਾ ਸੀ।

ਅੱਜ ਪੂਰੇ ਭਾਰਤ ਵਿੱਚ ਦੰਗੇ ਫੈਲਾਉਣ ਦੇ ਯਤਨ ਕੁਝ ਦੇਸ਼ ਵਿਰੋਧੀ ਤਾਕਤਾਂ ਵਲੋਂ ਕੀਤੇ ਜਾ ਰਹੇ ਹਨ। ਕਦੇ ਕਿਸ਼ਤਵਾੜ ਵਿੱਚ ਕਰਫਿਊ ਲਗਦਾ ਹੈ ਕਦੇ ਦਿੱਲੀ ਵਿੱਚ ਇੱਕ ਖਾਸ ਫਿਰਕੇ ਦੇ ਲੋਕਾਂ ਉਪਰ ਹਮਲਾ ਹੁੰਦਾ ਹੈ ਕਦੇ ਯੂ. ਪੀ. ਦੇ ਕੁਝ ਸ਼ਹਿਰਾਂ ਵਿੱਚ ਅਜਿਹਾ ਹੁੰਦਾ, ਕਦੇ ਮੁੰਬਈ ਵਿੱਚੋਂ ਬਿਹਾਰੀਆਂ ਨੂੰ ਕੱਢਣ ਦੇ ਯਤਨ ਸ਼ੁਰੂ ਕਰ ਦਿੱਤੇ ਜਾਂਦੇ ਹਨ। ਡਾਕਟਰ ਦਭੋਲਕਰ ਨੇ ਫਿਰਕੂ ਸੰਦਭਾਵਨਾ ਪੈਦਾ ਕਰਨ ਲਈ ਵਿਸ਼ੇਸ਼ ਯਤਨ ਕੀਤੇ। ਉਹ ਕਹਿੰਦਾ ਸੀ ਕਿ ਸਾਰੇ ਧਾਰਮਿਕ ਗ੍ਰੰਥ ਆਪਣੇ ਆਪਣੇ ਸਮੇਂ ਦੇ ਬੁੱਧੀਮਾਨ ਵਿਅਕਤੀਆਂ ਦੀਆਂ ਕਿਰਤਾਂ ਹਨ ਤੇ ਇਨ੍ਹਾਂ ਸਭ ਨੂੰ ਉਸ ਸਮੇਂ ਦੇ ਹਾਲਤਾਂ ਦੇ ਸੰਦਰਭ ਵਿੱਚ ਹੀ ਵੇਖਿਆ ਜਾਣਾ ਚਾਹੀਦਾ ਹੈ। ਧਾਰਮਿਕ ਗ੍ਰੰਥਾਂ ਦੀਆਂ ਚੰਗੀਆਂ ਸਿੱਖਿਆਵਾਂ ਤੇ ਅਮਲ ਕਰਨਾ ਜ਼ਰੂਰੀ ਹੈ। ਸਾਡੇ ਦੇਸ਼ ਦੀ ਤਰੱਕੀ ਲਈ ਇਹ ਜ਼ਰੂਰੀ ਹੈ ਕਿ ਇੱਥੋਂ ਦੇ ਵਸਨੀਕਾਂ ਵਿਚ ਧਾਰਮਿਕ ਵਖਰੇਵਿਆਂ ਦੇ ਬਾਵਜੂਦ ਏਕਾ ਹੋਵੇ। ਉਹ ਆਜ਼ਾਦੀ ਵੇਲੇ ਦੰਗਿਆਂ ਵਿੱਚ ਕਤਲ ਕੀਤੇ ਗਏ ਦਸ ਲੱਖ ਹਿੰਦੂਆਂ, ਮੁਸਲਮਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਲੋਂ ਝੱਲੇ ਗਏ ਸੰਤਾਪ ਨੂੰ ਕਦੇ ਵੀ ਭੁਲਾਉਂਦਾ€ਹੀਂ ਸੀ। ਇਸ ਲਈ ਉਹ ਪਿੰਡ ਪਿੰਡ ਜਾ ਕੇ ਲੋਕਾਂ ਨੂੰ ਦੰਗਿਆਂ ਤੋਂ ਸੁਚੇਤ ਕਰਨ ਲਈ ਪਰਚਾਰ ਕਰਦਾ ਸੀ। ਇਹ ਗੱਲਾਂ ਭਾਰਤੀ ਏਕਤਾ ਵਿਰੋਧੀ ਸ਼ਕਤੀਆਂ ਨੂੰ ਮੰਨਜ਼ੂਰ ਨਹੀਂ ਸਨ। ਇਸ ਲਈ ਇਹ ਕਾਲੀਆਂ ਤਾਕਤਾਂ ਹਮੇਸ਼ਾ ਉਸਦਾ ਖਾਤਮਾ ਲੋਚਦੀਆਂ ਸਨ। ਇਸ ਤੋਂ ਪਹਿਲਾਂ ਵੀ ਉਸਨੂੰ ਬਹੁਤ ਸਾਰੇ ਧਮਕੀ ਪੱਤਰ ਮਿਲੇ ਸਨ ਤੇ ਕਈ ਵਾਰ ਅਜਿਹੇ ਯਤਨ ਵੀ ਹੋਏ ਸਨ। ਧਾਰਮਿਕ ਕੱਟੜਪੰਥੀਆਂ ਵੱਲੋਂ 15 ਦੇ ਕਰੀਬ ਮੁਕੱਦਮੇ ਉਸ ਖਿਲਾਫ਼ ਮਹਾਂਰਾਸ਼ਟਰ ਦੀਆਂ ਵੱਖ ਵੱਖ ਅਦਾਲਤਾਂ ਵਿੱਚ ਕਿੱਤੇ ਹੋਏ ਸਨ, ਜਿੰਨ੍ਹਾਂ ਵਿੱਚ ਕਰੋੜਾਂ ਰੁਪਏ ਦੇ ਹਰਜ਼ਾਨੇ ਦੀ ਵੀ ਮੰਗ ਕੀਤੀ ਗਈ ਸੀ। ਪਰ ਦਭੋਲਕਰ ਤੇ ਉਸਦੇ ਸਾਥੀ ਕਿਹਾ ਕਰਦੇ ਸਨ ਕਿ "ਅਸੀਂ ਜਿਸ ਰਸਤੇ ਨੂੰ ਚੁਣਿਆ ਹੈ ਉਸ ਆਪਣੀ ਮਰਜ਼ੀ ਨਾਲ ਚੁਣਿਆ ਹੈ ਅਤੇ ਅਸੀਂ ਸਾਡੇ ਲੋਕਾਂ ਨੂੰ ਅੰਧਵਿਸ਼ਵਾਸਾਂ ਵਿਰੁੱਧ ਚੇਤਨ ਕਰਨ ਦਾ ਯਤਨ ਕਦੇ ਨਹੀਂ ਛੱਡਾਂਗੇ।''

1944 ਵਿੱਚ ਜਨਮੇ ਡਾਕਟਰ ਦਭੋਲਕਰ ਨੂੰ ਦੋ ਨੌਜ਼ਵਾਨਾਂ ਵੱਲੋਂ 20 ਅਗਸਤ 2013 ਨੂੰ ਉਸ ਸਮੇਂ ਗਲੀ ਮਾਰ ਦਿੱਤੀ ਗਈ ਜਦੋਂ ਉਹ ਸਵੇਰ ਦੀ ਸੈਰ ਕਰ ਰਿਹਾ ਸੀ। ਉਸਦੀ ਮੌਤ 'ਤੇ ਅਫਸੋਸ ਪ੍ਰਗਟ ਕਰਨ ਲਈ ਉਸਦੇ ਆਪਣੇ ਸ਼ਹਿਰ ਵਿੱਚ ਦੁਕਾਨਾਂ ਬੰਦ ਰਹੀਆਂ, ਲੋਕਾਂ ਨੇ ਆਪ ਮੁਹਾਰੇ ਰੋਸ ਮਾਰਚ ਕਰਨੇ ਸ਼ੁਰੂ ਕਰ ਦਿੱਤੇ ਮਹਾਰਾਸ਼ਟਰ ਦੇ ਚੀਫ਼ ਮਿਨਿਸਟਰ ਅਤੇ ਡਿਪਟੀ ਚੀਫ਼ ਮਿਨਿਸਟਰ ਨੇ ਵੀ ਅਫ਼ਸੋਸ ਜ਼ਾਹਿਰ ਕਰਦਿਆਂ ਲੋਕਾਂ ਨੂੰ ਸਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਕਾਤਲਾਂ ਦੀ ਛੂਹ ਦੇਣ ਵਾਲੇ ਵਿਅਕਤੀ ਲਈ ਦਸ ਲੱਖ ਰੁਪਏ ਦੇ ਇਨਾਮ ਦੀ ਪੇਸ਼ਕਸ਼ ਵੀ ਕੀਤੀ ਹੈ।

ਡਾਕਟਰ ਦਭੋਲਕਰ ਆਪਣੇ ਵਿਦਿਆਰਥੀ ਜੀਵਨ ਵਿੱਚ ਕਬੱਡੀ ਦਾ ਉੱਘਾ ਖਿਡਾਰੀ ਵੀ ਰਿਹਾ ਹੈ। ਸਿਵਾਜ਼ੀ ਯੂਨੀਵਰਸਿਟੀ ਵੱਲੋਂ ਕਬੱਡੀ ਟੀਮ ਵੱਲੋਂ ਖੇਡਦਿਆਂ ਉਸਨੇ ਬੰਗਲਾਦੇਸ਼ ਨੂੰ ਹਰਾਇਆ ਵੀ। ਇਸ ਲਈ ਮਹਾਰਾਸ਼ਟਰ ਸਰਕਾਰ ਨੇ ਉਸਨੂੰ ਖੇਡਾਂ ਦਾ ਵੱਡਾ ਇਨਾਮ ਦੇ ਕੇ ਵੀ ਸਨਮਾਨਿਆ ਸੀ।

ਜੋਤਿਸ਼ ਤੇ ਵਾਸਤੂ ਸਾਸ਼ਤਰ ਦੇ ਰਾਹੀਂ ਲੋਕਾਂ ਦੀ ਲੁੱਟ ਦੇ ਪਰਦੇ ਵੀ ਕਈ ਵਾਰ ਉਹਨੇ ਫਾਸ਼ ਕੀਤੇ ਸਨ। ਉਸਦੇ ਤਰਕਾਂ ਅੱਗੇ ਇਹ ਧੰਦੇਵਾਜ ਆਪਣੇ ਪਤੱਰੇਵਾਚ ਜਾਂਦੇ। ਨਰਿੰਦਰ ਇਸ ਗੱਲ ਦਾ ਮੁਦੱਈ ਸੀ ਕਿ ਜੇ ਭਾਰਤ ਨੇ ਤਰੱਕੀ ਕਰਨੀ ਹੈ ਤਾਂ ਇਸ ਦੇਸ਼ ਦੀ ਜਨਤਾ ਨੂੰ ਵਿਗਿਆਨਕ ਸੋਚ ਦਾ ਧਾਰਨੀ ਹੋਣਾ ਹੀ ਪਵੇਗਾ। ਉਹ ਭਾਰਤ ਵਿੱਚ ਦੁਨੀਆਂ ਦੀ ਸਭ ਤੋਂ ਵੱਧ ਦੁਰਘਟਨਾਵਾਂ, ਬਿਮਾਰੀਆਂ, ਰਿਸ਼ਵਤਖੋਰੀ, ਬੇਈਮਾਨੀ ਲਈ ਜ਼ੁੰਮੇਵਾਰ ਇਸ ਰਾਜ ਪ੍ਰਬੰਧ ਨੂੰ ਸਮਝਦਾ ਸੀ ਉਹ ਸਮਝਦਾ ਸੀ ਕਿ ਇਥੋਂ ਦੀਆਂ ਸਰਕਾਰਾਂ ਨੂੰ ਦੋਹਰੇ ਮਿਆਰ ਛੱਡ ਕੇ ਸੱਚੀਮੁੱਚੀ ਲੋਕ ਪੱਖੀ ਹੋਣਾ ਹੀ ਚਾਹੀਦਾ ਹੈ।

ਮਹਾਰਾਸ਼ਟਰ ਦੀ ਧਰਤੀ ਤੇ ਡੁਲ੍ਹਿਆ ਡਾਕਟਰ ਦਭੋਲਕਰ ਦਾ ਖ਼ੂਨ ਅਜਾਈ ਨਹੀਂ ਜਾਏਗਾ। ਇਨ੍ਹਾਂ ਤੁਪਕਿਆਂ ਨੇ ਲੱਖਾਂ ਤਰਕਸ਼ੀਲ ਹੋਰ ਪੈਦਾ ਕਰਨੇ ਹਨ ਜੋ ਸਮੁੱਚੇ ਭਾਰਤ ਵਿੱਚ ਅੰਧਵਿਸ਼ਵਾਸਾਂ ਦੇ ਹਨ੍ਹੇਰੇ ਨੂੰ ਚੀਰਣ ਦੇ ਸਮਰੱਥ ਹੋਣਗੇ।

ਦੂਜੀ ਤੇ ਆਖਰੀ ਕਿਸਤ

# ਸਾਡਾ ਗ੍ਰਹਿ ਮੰਡਲ

**ਬੋਦੀ ਵਾਲੇ ਤਾਰੇ**

ਇਹ ਵੀ ਸਾਡੇ ਸੂਰਜੀ ਪ੍ਰੀਵਾਰ ਦੇ ਅੰਗ ਹਨ। ਇਹਨਾਂ ਵਿੱਚ ਚੱਟਾਨਾਂ ਧੂੜ ਤੇ ਗੈਸਾਂ ਦੀ ਭਰਮਾਰ ਹੁੰਦੀ ਹੈ। ਸੂਰਜ ਦੀ ਰੌਸ਼ਨੀ ਕਾਰਨ ਹੀ ਇਹਨਾਂ ਦੀ ਪੂਛ ਚਮਕਦੀ ਹੈ। ਇਹ ਕੁਝ ਨਿਸ਼ਚਿਤ ਸਮੇਂ ਬਾਅਦ ਹੀ ਵਿਖਾਈ ਦਿੰਦੇ ਹਨ। ਅਸਮਾਨ ਵਿੱਚ ਇੱਕ ਅਜਿਹਾ ਹੀ ਪੂਛਲ ਤਾਰਾ 1758, 1835, 1910 ਤੇ 1986 ਵਿੱਚ ਵੇਖਿਆ ਗਿਆ ਸੀ। ਇਸਨੂੰ ਹੈਲੇ ਦਾ ਪੂਛਲ ਤਾਰਾ ਕਿਹਾ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਪੂਛਲ ਤਾਰੇ ਨੂੰ ਵੇਖਣਾ ਅਸ਼ੁਭ ਮੰਨਿਆ ਜਾਂਦਾ ਸੀ ਤੇ ਕਈ ਅੰਧਵਿਸ਼ਵਾਸ ਇਹਨਾਂ ਤਾਰਿਆਂ ਨਾਲ ਜੋੜੇ ਗਏ ਸਨ। ਪਰ ਅੱਜ ਕੱਲ ਲੋਕ ਇਹਨਾਂ ਬਾਰੇ ਫਿਕਰਮੰਦ ਨਹੀਂ ਹਨ ਕਿਉਂਕਿ ਸਾਡੀ ਧਰਤੀ ਇਹਨਾਂ ਪੂਛਲ ਤਾਰਿਆਂ ਦੀ ਪੂਛ ਵਿੱਚੋਂ ਕਈ ਵਾਰੀ ਲੰਘ ਚੁੱਕੀ ਹੈ। ਮਨੁੱਖ ਦੁਆਰਾ ਭੇਜੇ ਰਾਕਟਾਂ ਨੇ ਵੀ ਇਹਨਾਂ ਦੀਆਂ ਪੂਛਾਂ ਵਿੱਚੋਂ ਲੰਘ ਕੇ ਸਫ਼ਰ ਕੀਤਾ ਹੈ।

**ਧਰਤੀ ਕੀ ਹੈ?**

ਪ੍ਰਾਚੀਨ ਭਾਰਤੀ ਧਾਰਮਿਕ ਗਰੰਥਾਂ ਵਿੱਚ ਦਰਜ ਹੈ ਕਿ ਸਾਡੀ ਪ੍ਰਿਥਵੀ ਇੱਕ ਪਿਆਲੇ ਵਰਗੀ ਹੈ ਜਿਹੜੀ ਚਾਰ ਹਾਥੀਆਂ ਦੀ ਪਿੱਠ ਉੱਤੇ ਖੜ੍ਹੀ ਹੈ। ਇਹ ਹਾਥੀ ਇੱਕ ਕੱਛੂ ਉੱਪਰ ਖੜ੍ਹੇ ਹਨ। ਕੱਛੂ ਸੱਪ ਦੇ ਫਨ ਤੇ ਬੈਠਾ ਹੈ। ਜਦੋਂ ਹਾਥੀ ਹਿਲਜੁਲ ਕਰਦੇ ਹਨ ਤਾਂ ਧਰਤੀ ਤੇ ਭੂਚਾਲ ਆ ਜਾਂਦਾ ਹੈ। ਇੱਕ ਹੋਰ ਪੁਰਾਤਨ ਧਾਰਮਿਕ ਪੁਸਤਕ ਅਨੁਸਾਰ ਧਰਤੀ ਬਲਦ ਦੇ ਸਿੰਗਾਂ 'ਤੇ ਪਲੇਟ ਵਾਂਗ ਪਈ ਹੈ। ਜਦੋਂ ਬਲਦ ਅੱਕ ਕੇ ਸਿੰਗ ਬਦਲਦਾ ਹੈ ਤਾਂ ਧਰਤੀ ਕੰਬ ਜਾਂਦੀ ਹੈ ਅਤੇ ਭੂਚਾਲ ਆ ਜਾਂਦੇ ਹਨ। ਇੱਕ ਹੋਰ ਗਰੰਥ ਦੇ ਰਚਨਹਾਰੇ ਨੇ ਲਿਖਿਆ ਹੈ ਸਾਡੀ ਪ੍ਰਿਥਵੀ ਇੱਕ ਪਲੇਟ ਹੈ ਜਿਹੜੀ ਤਿੰਨ ਵ੍ਹੇਲ ਮੱਛੀਆਂ ਦੇ ਉੱਪਰ ਟਿਕੀ ਹੋਈ ਹੈ। ਇਹ ਕਾਲਪਨਿਕ ਵਿਚਾਰ ਇਹਨਾਂ ਪੁਸਤਕਾਂ ਦੇ ਲੇਖਕਾਂ ਦੇ ਹਨ। ਜਿਵੇਂ ਉਹਨਾਂ ਦੀ ਕਾਲਪਨਿਕ ਸ਼ਕਤੀ ਨੇ ਉਹਨਾਂ ਦੇ ਦਿਮਾਗਾਂ ਵਿੱਚ ਧਰਤੀ ਬਾਰੇ ਸੋਚਿਆ ਸੀ ਉਹਨਾਂ ਲਿਖ ਦਿੱਤਾ ਹੈ। ਈਸਾ ਮਸੀਹ ਦੇ ਜਨਮ ਤੋਂ ਤਿੰਨ ਸੌ ਚਾਲੀ ਵਰ੍ਹੇ ਪਹਿਲਾਂ ਇੱਕ ਯੂਨਾਨੀ ਵਿਗਿਆਨਕ ਅਰਸਤੂ ਨੇ ਅੰਦਾਜ਼ਾ ਲਾਇਆ ਸੀ ਕਿ ਧਰਤੀ ਇੱਕ ਗੋਲਾ ਹੈ ਉਹਨੇ ਇਸਦੀ ਪੁਸ਼ਟੀ ਸੰਬੰਧੀ ਦੋ ਦਲੀਲਾਂ ਦਿੱਤੀਆਂ ਸਨ।

1. ਚੰਦਰਮਾ ਨੂੰ ਲੱਗਣ ਵਾਲੇ ਗ੍ਰਹਿਣ, ਧਰਤੀ ਦੇ ਸੂਰਜ ਅਤੇ ਚੰਦਰਮਾ ਦੇ ਵਿਚਕਾਰ ਆਉਣ ਕਰਕੇ ਹੁੰਦੇ ਹਨ ਅਤੇ ਇਹ ਪ੍ਰਛਾਵੇਂ ਹਮੇਸ਼ਾ ਗੋਲ ਹੁੰਦੇ ਹਨ। ਇਹ ਸਿਰਫ਼ ਤਾਂ ਹੀ ਗੋਲ ਹੋ ਸਕਦੇ ਹਨ ਜੇ ਧਰਤੀ ਗੋਲਾ ਹੈ। ਜੇ ਧਰਤੀ ਪਲੇਟ ਦੀ ਤਰ੍ਹਾਂ ਹੁੰਦੀ ਤਾਂ ਇਹ ਪ੍ਰਛਾਵੇਂ ਗੋਲ ਹੋਣ ਦੀ ਬਜਾਏ ਅੰਡਾਕਾਰ ਹੁੰਦੇ।

2. ਧਰੁਵਾਂ ਦੀ ਯਾਤਰਾ ਕਰਨ ਵਾਲੇ ਯਾਤਰੀ ਜਾਣਦੇ ਸਨ ਕਿ ਧਰੁਵ ਤਾਰਾ, ਦੱਖਣ ਵਿੱਚ ਨੀਵਾਂ ਹੁੰਦਾ ਹੈ ਅਤੇ ਉੱਤਰ ਵਿੱਚ ਉੱਚਾ ਹੁੰਦਾ ਜਾਂਦਾ ਹੈ।

ਬਾਅਦ ਵਿੱਚ ਕੁਝ ਹੋਰ ਯੂਨਾਨੀਆਂ ਨੇ ਇਸਦੀ ਪੁਸ਼ਟੀ ਲਈ ਤੀਜੀ ਦਲੀਲ ਵੀ ਦੇ ਦਿੱਤੀ ਸੀ ਕਿ ਸਮੁੰਦਰ ਵਿੱਚੋਂ ਜਹਾਜ਼ ਦੀ ਚਿਮਨੀ ਪਹਿਲਾਂ ਨਜ਼ਰ ਆਉਂਦੀ ਹੈ ਬਾਅਦ ਵਿੱਚ ਜਹਾਜ਼ ਦਾ ਹੇਠਲਾ ਭਾਗ ਨਜ਼ਰ ਆਉਂਦਾ ਹੈ। ਜੇ ਧਰਤੀ ਗੋਲ ਨਾ ਹੁੰਦੀ ਤਾਂ ਪੂਰਾ ਜਹਾਜ਼ ਹੀ ਪਹਿਲਾਂ ਨਜ਼ਰ ਆਉਣਾ ਸੀ। ਕਾਪਰੀਨਿਕਸ ਨੇ 1514 ਵਿੱਚ ਇਹ ਘੋਸ਼ਣਾ ਕਰ ਦਿੱਤੀ ਸੀ ਕਿ ਸਾਡੀ ਪ੍ਰਿਥਵੀ ਸੂਰਜ ਦੁਆਲੇ ਘੁੰਮਦੀ ਹੈ। ਇਸ ਤੋਂ ਪਹਿਲਾਂ ਇਹ ਵਿਸ਼ਵਾਸ਼ ਕੀਤਾ ਜਾਂਦਾ ਸੀ ਕਿ ਸੂਰਜ ਸਾਡੀ ਧਰਤੀ ਦੁਆਲੇ ਘੁੰਮਦਾ ਹੈ ਕੈਪਲਰ ਅਤੇ ਗਲੇਲੀਓ ਨੇ ਕਾਪਰਨਿਕਸ ਦੇ ਇਹਨਾਂ ਵਿਚਾਰਾਂ ਦਾ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ। 1609 ਵਿੱਚ ਦੂਰਬੀਨ ਦੀ ਖੋਜ਼ ਨਾਲ ਇਸ ਸੰਬਧੀ ਸਾਰੇ ਭਰਮ ਮਿਟ ਗਏ। ਪਰ ਅੱਜ ਦੇ ਵਿਗਿਆਨਕਾਂ ਨੇ ਆਪਣੇ ਨਵੀਨਤਮ ਉਪਕਰਨਾਂ ਦੀ ਸਹਾਇਤਾ ਨਾਲ ਧਰਤੀ ਦੇ ਗੋਲ ਹੋਣ ਨੂੰ ਪੂਰੀ ਤਰ੍ਹਾਂ ਸਿੱਧ ਕਰ ਦਿੱਤਾ ਹੈ।

ਮਨੁੱਖੀ ਹੱਥਾਂ ਨੇ ਧਰਤੀ ਦਾ ਚੱਪਾ ਚੱਪਾ ਛਾਣ ਮਾਰਿਆ ਹੈ। ਸਾਡੀ ਧਰਤੀ ਛੇ ਹਜ਼ਾਰ ਤਿੰਨ ਸੌ ਅਠੱਤਰ ਕਿਲੋਮੀਟਰ ਅਰਧ ਵਿਆਸ ਦਾ ਇੱਕ ਗੋਲਾ ਹੈ। ਜਿਹੜਾ ਧਰੁਵਾਂ ਤੋਂ ਇੱਕੀ ਕਿਲੋਮੀਟਰ ਅੰਦਰ ਨੂੰ ਧਸਿਆ ਹੈ। ਜਿਸ ਕਾਰਨ ਧਰਤੀ ਦੇ ਆਮ ਤਲ ਤੋਂ ਨੀਵੇਂ ਇਹਨਾਂ ਇਲਾਕਿਆਂ ਵਿੱਚ ਛੇ ਮਹੀਨੇ ਦਾ ਦਿਨ ਤੇ ਛੇ ਮਹੀਨੇ ਦੀ ਰਾਤ ਹੁੰਦੀ ਹੈ। ਧਰਤੀ ਦਾ ਇਕਹੱਤਰ ਪ੍ਰਤੀਸ਼ਤ ਭਾਗ ਪਾਣੀ ਨਾਲ ਢਕਿਆ ਹੋਇਆ ਹੈ ਤੇ ਸਿਰਫ਼ ਉਨੱਤੀ ਪ੍ਰਤੀਸ਼ਤ ਭਾਗ ਖੁਸ਼ਕ ਹੈ। ਇਸਦੇ ਖੁਸ਼ਕ ਭਾਗ ਉੱਤੇ ਪਹਾੜ, ਰੇਗਿਸਤਾਨ, ਮੈਦਾਨ ਤੇ ਜੰਗਲ ਹਨ। ਧਰਤੀ ਦੇ ਕੁਝ ਭਾਗ ਅਜਿਹੇ ਵੀ ਹਨ ਜਿੱਥੇ ਹਮੇਸ਼ਾ ਬਰਫ਼ ਜੰਮੀ ਰਹਿੰਦੀ ਹੈ। ਅੱਜ ਤੋਂ ਚਾਰ ਸੌ ਸੱਠ ਕਰੋੜ ਵਰ੍ਹੇ ਪਹਿਲਾਂ ਹੋਂਦ ਵਿੱਚ ਆਈ ਸਾਡੀ ਧਰਤੀ ਦਾ ਕੁੱਲ ਭਾਰ ਛੇ ਸੌ ਸਤਵੰਜਾ ਮਹਾਂ ਸੰਖ ਟਨ ਹੈ। ਧਰਤੀ ਤੋਂ ਜੇ ਅਸੀਂ ਉੱਪਰ ਵੱਲ ਨੂੰ ਜਾਈਏ ਤਾਂ ਇਸਦੇ ਪਹਿਲੇ ਪੰਦਰਾਂ ਕਿਲੋਮੀਟਰ ਦੀ ਉਚਾਈ ਤੱਕ ਨਾਈਟ੍ਰੋਜਨ, ਆਕਸੀਜਨ, ਕਾਰਬਨ ਡਾਈਆਕਸਾਈਡ, ਧੂੜ ਦੇ ਕਣ ਜਲ ਵਾਸ਼ਪ ਤੇ ਧੂੰਆਂ ਆਦਿ ਹੁੰਦਾ ਹੈ। ਸੌਲਾਂ ਕਿਲੋਮੀਟਰ ਤੋਂ ਅੱਸੀ ਕਿਲੋਮੀਟਰ ਦੀ ਉਚਾਈ ਤੱਕ ਉਜੋਨ ਨਾਂ ਦੀ ਗੈਸ ਭਰੀ ਹੋਈ ਹੈ। ਇਹ ਗੈਸ ਧਰਤੀ ਤੇ ਜੀਵ ਜੰਤੂਆਂ ਦੀ ਹੋਂਦ ਲਈ ਅਤਿ ਜ਼ਰੂਰੀ ਹੈ ਕਿਉਂਕਿ ਇਹ ਗੈਸ ਸੂਰਜ ਤੋਂ ਆਉਣ ਵਾਲੀਆਂ ਪਰਾਬੈਂਗਣੀ ਕਿਰਨਾਂ ਨੂੰ ਆਪਣੇ ਅੰਦਰ ਜਜ਼ਬ ਕਰ ਲੈਂਦੀ ਹੈ। ਜੇ ਇਹ ਗੈਸ ਨਾ ਹੁੰਦੀ ਤਾਂ ਸੂਰਜ ਤੋਂ ਆਉਣ ਵਾਲੀਆਂ ਇਹਨਾਂ ਖਤਰਨਾਕ ਕਿਰਨਾਂ ਨੇ ਧਰਤੀ ਤੇ ਉਪਲਬਧ ਜੀਵਨ ਨੂੰ ਖਤਮ ਕਰ ਦੇਣਾ ਸੀ। ਅੱਜ ਵੀ ਕੀੜੇ ਮਾਰ ਦਵਾਈਆਂ ਦੀ ਭਰਮਾਰ ਤੇ ਰਸਾਇਣਕ ਉ-ਦਯੋਗਾਂ ਵਿੱਚ ਨਿਕਲਣ ਵਾਲਾ ਧੂੰਆਂ ਇਸ ਉਜੋਨ ਦੇ ਗਿਲਾਫ਼ ਵਿੱਚ ਸੁਰਾਖ ਪੈਦਾ ਕਰ ਰਹੇ ਹਨ। ਧਰਤੀ ਲਈ ਇਹ ਸਭ ਤੋਂ ਵਿਨਾਸ਼ਕਾਰੀ ਘਟਨਾ ਹੈ ਕਿਉਂਕਿ ਮਨੁੱਖ ਆਪਣੇ ਪੈਰਾਂ ਨੂੰ ਖੁਦ ਹੀ ਕੁਹਾੜੇ ਨਾਲ ਵੱਢ ਰਿਹਾ ਹੈ। ਧਰਤੀ ਦੇ ਉਤਾਂਹ ਵੱਲ ਓਜੋਨ ਦੀ ਤਹਿ ਉੱਪਰ ਇੱਕ ਹਜ਼ਾਰ ਪੰਜਾਹ ਕਿਲੋਮੀਟਰ ਦੀ ਉਚਾਈ ਤੱਕ ਹਵਾ ਦੇ ਵਿਰਲੇ ਵਿਰਲੇ ਕਣ ਮੌਜੂਦ ਹਨ। ਧਰਤੀ ਦੇ ਵਾਯੂਮੰਡਲ ਵਿੱਚ ਵੀਹ ਪ੍ਰਤੀਸ਼ਤ ਆਕਸੀਜਨ ਹੈ ਜੋ ਪੌਦਿਆਂ ਤੇ ਜੰਤੂਆਂ ਦੇ ਸਾਹ ਲੈਣ ਲਈ ਅਤੀ ਜ਼ਰੂਰੀ ਹੈ। ਹਵਾ ਵਿਚਲੀ ਕਾਰਬਨ ਡਾਈਆਕ ਸਾਈਡ ਦੀ ਥੋੜ੍ਹੀ ਜਿਹੀ ਮਾਤਰਾ ਪੌਦਿਆਂ ਦੀ ਖੁਰਾਕ ਲਈ ਅਤਿਅੰਤ ਲੋੜੀਂਦਾ ਪਦਾਰਥ ਹੈ। ਧਰਤੀ ਤੇ ਉਪਲਬਧ ਸਭ ਤੋਂ ਵੱਡਾ ਯੋਗਿਕ ਪਾਣੀ ਹੈ ਜੋ ਹਾਈਡ੍ਰੋਜਨ ਦੇ ਦੋ ਭਾਗਾਂ ਤੇ ਆਕਸੀਜਨ ਦੇ ਇੱਕ ਭਾਗ ਨੂੰ ਮਿਲਾਉਣ ਤੇ ਬਣਦਾ ਹੈ।

**ਧਰਤੀ ਦੀ ਅੰਦਰੂਨੀ ਬਣਤਰ**

ਭੂਚਾਲਾਂ ਦੀਆਂ ਤਰੰਗਾਂ ਦੀ ਸਹਾਇਤਾ ਨਾਲ ਮਨੁੱਖ ਨੇ ਧਰਤੀ ਦੀ ਅੰਦਰੂਨੀ ਬਣਤਰ ਬਾਰੇ ਕਾਫੀ ਅੰਦਾਜ਼ੇ ਲਾਏ ਹਨ। ਹੁਣ ਤੱਕ ਕੀਤੇ ਅਧਿਐਨ ਤੋਂ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਧਰਤੀ ਦੇ ਅੰਦਰ ਤਿੰਨ ਪਰਤਾਂ ਹਨ।

ਸਭ ਤੋਂ ਉੱਪਰਲੀ ਪਰਤ ਨੂੰ ਪੇਪੜੀ ਕਿਹਾ ਜਾਂਦਾ ਹੈ। ਇਸ ਦੀ ਮੋਟਾਈ ਸੌਲਾਂ ਕਿਲੋਮੀਟਰ ਤੋਂ ਲੈ ਕੇ ਪੰਜਾਹ ਕਿ-ਲੋਮੀਟਰ ਤੱਕ ਹੈ। ਇਹ ਪਰਤ ਮੁੱਖ ਰੂਪ ਵਿੱਚ ਮਿੱਟੀ ਅਤੇ ਚੱਟਾਨਾਂ ਦੀ ਬਣੀ ਹੋਈ ਹੈ ਜਿਸ ਨੂੰ ਸਿਲੀਕਾ ਵੀ ਕਿਹਾ ਜਾਂਦਾਹੈ। ਧਰਤੀ ਦੀ ਦੂਸਰੀ ਪਰਤ ਮੈਂਟਲ ਅਖਵਾਉਂਦੀ ਹੈ। ਇਸਦੀ ਡੂੰਘਾਈ 2880 ਕਿਲੋਮੀਟਰ ਹੈ। ਇਹ ਮੁੱਖ ਤੌਰ ਤੇ ਲੋਹੇ ਅਤੇ ਮੈਗਨੀਸ਼ੀਅਮ ਤੋਂ ਬਣੀ ਹੈ। ਇਸ ਵਿੱਚ ਠੋਸ ਚੱਟਾਨਾਂ ਵੀ ਹਨ ਇਸਦਾ ਕੁੱਲ ਆਇਤਨ ਧਰਤੀ ਦੇ ਆਇਤਨ ਦਾ 80% ਹੈ। ਤੇ ਇਸਦਾ ਭਾਰ ਧਰਤੀ ਦੇ ਭਾਰ ਦਾ 67% ਹੈ। ਇਸ ਵਿੱਚ ਲੋਹਾ ਤੇ ਮੈਗਨੀਸ਼ੀਅਮ ਪਿਘਲੀ ਹੋਈ ਲੁੱਕ ਦੀ ਤਰ੍ਹਾਂ ਵਹਿੰਦਾ ਹੈ। ਧਰਤੀ ਦੇ ਕੇਂਦਰ ਵਾਲੇ ਭਾਗ ਨੂੰ ਕੋਰ ਕਹਿੰਦੇ ਹਨ। ਇਸ ਵਿੱਚ ਵੱਧ ਘਣਤਾ ਵਾਲੇ ਪਦਾਰਥ ਲੋਹਾ ਤੇ ਨਿਕਲ ਹਨ। ਇਸਦਾ ਤਾਪਮਾਨ ਲੱਗਭੱਗ ਚਾਰ ਹਜ਼ਾਰ ਦਰਜੇ ਸੈਲਸੀਅਸ ਹੈ। ਉੱਚ ਦਬਾਉ ਕਾਰਨ ਲੋਹਾ ਠੋਸ ਅਵਸਥਾ ਵਿੱਚ ਹੀ ਹੈ। ਕੋਰ ਦੀ ਬਾਹਰਲੀ ਪਰਤ ਵਿੱਚ ਦਬਾਅ ਘੱਟ ਹੋਣ ਕਾਰਨ ਲੋਹਾ ਪਿਘਲੀ ਹਾਲਤ ਵਿੱਚ ਵੀ ਮੌਜੂਦ ਹੈ।

**ਧਰਤੀ ਦੀਆਂ ਗਤੀਆਂ**

ਸਾਡੀ ਧਰਤੀ ਚਾਰ ਕਿਸਮ ਦੀਆਂ ਗਤੀਆਂ ਕਰਦੀ ਹੈ। ਪਹਿਲੀ ਗਤੀ ਇਹ ਆਪਣੇ ਧੁਰੇ ਦੁਆਲੇ ਘੁੰਮਦੀ ਹੈ। ਇਸੇ ਗਤੀ ਨਾਲ ਚੌਵੀ ਘੰਟੇ ਵਿੱਚ ਆਪਣੀ ਧੁਰੀ ਦੁਆਲੇ ਇੱਕ ਚੱਕਰ ਪੂਰਾ ਕਰਦੀ ਹੈ। ਦਿਨ ਰਾਤ ਬਣਨ ਦਾ ਕਾਰਨ ਵੀ ਇਹ ਹੀ ਹੈ। ਰਾਤ ਨੂੰ ਅੱਠ ਘੰਟੇ ਸੁੱਤੇ ਹੀ ਤੁਸੀਂ 13360 ਕਿਲੋਮੀਟਰ ਦਾ ਸਫ਼ਰ ਸਿਰਫ਼ ਇਸੇ ਗਤੀ ਕਾਰਨ ਕਰ ਜਾਂਦੇ ਹੋ। ਸਾਡੀ ਧਰਤੀ ਦੀ ਦੂਸਰੀ ਗਤੀ ਇਸਦਾ ਸੂਰਜ ਦੁਆਲੇ 365 ਦਿਨ 5 ਘੰਟੇ 48 ਮਿੰਟ ਅਤੇ 45 ਸੈਕਿੰਡ ਵਿੱਚ ਇੱਕ ਚੱਕਰ ਲਾਉਣਾ ਹੈ। ਇਹ ਗਤੀ ਐਨੀ ਜ਼ਿਆਦਾ ਹੈ ਕਿ ਤੁਸੀਂ ਸਿਰਫ਼ ਇੱਕ ਘੰਟੇ ਵਿੱਚ ਇੱਕ ਲੱਖ ਕਿਲੋਮੀਟਰ ਦਾ ਫਾਸਲਾ ਤੈਅ ਕਰ ਜਾਂਦੇ ਹੋ। ਸਾਡੀ ਧਰਤੀ ਦਾ ਧੁਰਾ ਲਾਟੂ ਦੀ ਤਰ੍ਹਾਂ ਘੁੰਮਦਾ ਛੱਬੀ ਹਜ਼ਾਰ ਵਰ੍ਹਿਆਂ ਵਿੱਚ ਇੱਕ ਚੱਕਰ ਲਾਉਂਦਾ ਹੈ। ਇਹ ਇਸਦੀ ਤੀਜੀ ਗਤੀ ਹੈ। ਪ੍ਰਿਥਵੀ ਦਾ ਘੁੰਮਣ ਧੁਰਾ ਕੁਝ ਟੇਢਾ ਹੈ। ਇਸ ਦੇ ਟੇਢਾ ਹੋਣ ਕਾਰਨ ਹੀ ਰੁੱਤਾਂ ਬਣਦੀਆਂ ਹਨ। ਧਰਤੀ ਦੀ ਚੌਥੀ ਗਤੀ ਸੂਰਜ ਦਾ ਧਰਤੀ ਸਮੇਤ ਇਸ ਗਲੈਕਸੀ ਦੇ ਕੇਂਦਰ ਦੇ ਆਲੇ ਦੁਆਲੇ ਚੱਕਰ ਲਾਉਣਾ ਹੈ। ਇਹ ਚੱਕਰ ਵੀ ਚੌਵੀ ਕ੍ਰੋੜ ਸਾਲਾਂ ਵਿੱਚ ਪੂਰਾ ਹੁੰਦਾ ਹੈ।

**ਸਿਰਜਣਾ ਸੰਬੰਧੀ ਵਿਚਾਰ–** ਇਹ ਇੱਕ ਸੱਚਾਈ ਹੈ ਕਿ ਧਰਤੀ 'ਤੇ ਰਹਿਣ ਵਾਲੇ ਸਾਰੇ ਜੀਵਾਂ ਵਿੱਚੋਂ ਮਨੁੱਖ ਨੇ ਹਰ ਘਟਨਾ ਨੂੰ ਕਿਉਂ ਤੇ ਕਿਵੇਂ ਕਸੌਟੀ ਤੇ ਪਰਖਿਆ ਹੈ। ਪ੍ਰਾਚੀਨ ਸਮੇਂ ਵਿੱਚ ਮਨੁੱਖ ਦਾ ਵਿਸ਼ਵਾਸ ਸੀ ਕਿ ਧਰਤੀ ਤੇ ਮਿਲਣ ਵਾਲੇ ਲੱਖਾਂ ਹੀ ਕਿਸਮ ਦੇ ਪ੍ਰਾਣੀਆਂ ਤੇ ਪੌਦਿਆਂ ਦੀ ਸਿਰਜਣਾ "ਸਰਬ ਸ਼ਕਤੀਮਾਨ ਪ੍ਰਮਾਤਮਾ'' ਨੇ ਕੀਤੀ ਹੈ। ਅੱਡ ਅੱਡ ਧਰਮਾਂ ਦੀਆਂ ਪੁਸਤਕਾਂ ਵਿੱਚ "ਸਰਬ ਸ਼ਕਤੀਮਾਨ'' ਦੁਆਰਾ ਸਿਰਜਣਾ ਲਈ ਲਏ ਗਏ ਸਮੇਂ ਤੇ ਢੰਗਾਂ ਨੂੰ ਵੱਖ ਵੱਖ ਤਰੀਕਿਆਂ ਨਾਲ ਦਰਸਾਇਆ ਗਿਆ ਹੈ। ਭਾਵੇਂ ਦੁਨੀਆਂ ਦੇ ਬਹੁਤ ਸਾਰੇ ਬੁੱਧੀਮਾਨ ਲੋਕਾਂ ਨੇ ਧਾਰਮਿਕ ਪੁਸਤਕਾਂ ਵਿੱਚ ਦਰਜ ਇਹਨਾਂ ਗੱਲਾਂ ਨੂੰ ਰੱਦ ਕਰ ਦਿੱਤਾ ਹੈ ਪਰ ਸਾਡੇ ਦੇਸ਼ ਦੇ ਕਰੋੜਾਂ ਪੁਰਾਤਨ ਪੰਥੀ ਇਹਨਾਂ ਵਿਚਾਰਾਂ ਨੂੰ ਆਪਣੇ ਅਣਵਰਤੇ ਦਿਮਾਗਾਂ ਵਿੱਚ ਅਜੇ ਵੀ ਸਾਂਭੀ ਬੈਠੇ ਹਨ। ਧਰਤੀ ਤੇ ਅਜਿਹੇ ਵਿਅਕਤੀ ਵੀ ਹੋਏ ਹਨ ਤੇ ਅੱਜ ਵੀ ਹਨ ਜਿਹਨਾਂ ਨੇ ਧਰਤੀ ਤੇ ਮੌਜੂਦ ਪੌਦਿਆਂ ਤੇ ਜੀਵਾਂ ਦੀ ਬਣਤਰ ਵਿਚਲੇ ਫ਼ਰਕ ਨੂੰ ਸਮਝਣਾ ਤੇ ਇਸਨੂੰ ਇੱਕ ਲੜੀ ਵਿੱਚ ਪਰੋਣਾ ਸ਼ੁਰੂ ਕੀਤਾ। ਅਜਿਹੇ ਮਹਾਨ ਵਿਅਕਤੀਆਂ ਵਿੱਚੋਂ ਹੀ ਸਨ ਚਾਰਲਸ ਡਾਰਵਿਨ। ਚਾਰਲਸ ਡਾਰਵਿਨ ਦਾ ਜਨਮ 12 ਫਰਵਰੀ 1809 ਨੂੰ ਹੋਇਆ ਸੀ। ਇਸ ਨਾਸਤਿਕ ਵਿਚਾਰਾਂ ਵਾਲੇ ਵਿਅਕਤੀ ਨੇ ਸਮੁੰਦਰੀ ਜਹਾਜ਼ ਬੀਗਲ ਰਾਹੀਂ 1831 ਤੋਂ 1836 ਤੱਕ ਪੰਜ ਸਾਲ ਵੱਖ-ਵੱਖ ਦੇਸ਼ਾਂ ਵਿੱਚੋਂ ਜੀਵਾਂ ਅਤੇ ਪੌਦਿਆਂ ਦੇ ਜੀਵਤ ਅਤੇ ਮਿਰਤਕ ਸਰੀਰਾਂ ਦੇ ਨਮੂਨੇ ਇਕੱਠੇ ਕਰਨ ਵਿੱਚ ਬਤੀਤ ਕੀਤੇ ਅਤੇ ਲੱਗਭੱਗ ਵੀਹ ਸਾਲ ਵਿੱਚ ਇਹਨਾਂ ਦਾ ਅਧਿਐਨ ਕਰਨ ਪਿੱਛੋਂ 'ਜੀਵਾਂ ਦੀ ਉਤਪਤੀ' ਨਾਂ ਦੀ ਕਿਤਾਬ ਲਿਖੀ ਸੀ। ਇਸ ਕਿਤਾਬ ਦੇ ਛਪਣ ਨਾਲ ਹੀ ਕਈ ਦੇਸ਼ਾਂ ਵਿੱਚ ਇਸ ਕਿਤਾਬ ਨੂੰ ਪੜ੍ਹਨ ਅਤੇ ਪੜ੍ਹਾਉਣ ਤੇ ਪਾਬੰਦੀ ਲਾ ਦਿੱਤੀ ਗਈ। ਕਿਉਂਕਿ ਇਹ ਕਿਤਾਬ ਧਰਤੀ ਦੀ ਸਿਰਜਣਾ "ਪਰਮਾਤਮਾ'' ਨੇ ਕੀਤੀ ਹੈ, ਨੂੰ ਰੱਦ ਕਰਕੇ ਜੀਵਾਂ ਵਿੱਚ ਹੋਏ ਵਿਕਾਸ ਦੀ ਪੁਸ਼ਟੀ ਕਰਦੀ ਸੀ। ਪਰ ਤਰਕ ਤੇ ਤੱਥਾਂ ਨੂੰ ਕਦੋਂ ਤੱਕ ਦਬਾਇਆ ਜਾ ਸਕਦਾ ਹੈ। ਲੱਖਾਂ ਰੋਕਾਂ ਦੇ ਬਾਵਜੂਦ ਅੱਜ ਡਾਰਵਿਨ ਦੀ ਕਿਤਾਬ ਦੁਨੀਆਂ ਦੇ ਕੋਨੇ ਕੋਨੇ ਵਿੱਚ ਉਪਲਬਧ ਹੈ। ਹੁਣ ਤਾਂ ਬਾਈਬਲ ਨੇ ਵੀ ਇਸ ਤੱਥ ਨੂੰ ਸਵੀਕਾਰ ਕਰ ਲਿਆ ਹੈ ਅਤੇ ਆਪਣੇ ਦੁਆਰਾ ਕੀਤੀ ਗਲਤੀ ਦੀ ਮੁਆਫੀ ਵੀ ਮੰਗ ਲਈ ਹੈ।

## ਲੋਕ ਦੁਆਬੇ ਦੇ

# ਮਿਲਖਾ ਸਿੰਘ ਨੂੰ ਹਰਾਉਣ ਵਾਲੇ ਅਰਜਨਾ ਐਵਾਰਡੀ ਸਵ ਮੱਖਣ ਸਿੰਘ ਦੇ ਪਰਿਵਾਰ ਨੂੰ ਵੱਡੀ ਰਾਹਤ

## ਅਪਾਹਜ ਲੜਕੇ ਨੂੰ ਨੌਕਰੀ ਅਤੇ ਸਰਕਾਰ ਸਮੇਤ ਸਮਾਜਿਕ ਸੰਸਥਾਵਾਂ ਵਲੋਂ 10 ਲੱਖ ਦੀ ਸਹਾਇਤਾ ਦਾ ਐਲਾਨ



ਸ਼ਿਵ ਕੁਮਾਰ ਬਾਵਾ (9592954007)

ਹੁਸ਼ਿਆਰਪੁਰ- ਪਿੱਛਲੇ ਦਿਨੀ ਅਖਬਾਰਾਂ ਵਿੱਚ ਛਪੀ ਅਰਜੁਨਾ ਐਵਾਰਡੀ ਦੌੜਾਕ ਸਵਰਗੀ ਮੱਖਣ ਸਿੰਘ ਦੇ ਪਰਿਵਾਰ ਦੀ ਉਸਦੀ ਮੌਤ ਤੋਂ ਬਾਅਦ ਆਪਣੇ ਘਰ ਵਿੱਚ ਗੁਰਬਤ ਭਰੀ ਜ਼ਿੰਦਗੀ ਜੀਉਂਣ ਸਬੰਧੀ ਵਿਸਥਾਰ ਪੂਰਵਕ ਰਿਪੋਰਟ ਨੇ ਅੱਜ ਉਸ ਵਕਤ ਪਰਿਵਾਰ ਨੂੰ ਖੁਸ਼ਹਾਲ ਕਰ ਦਿੱਤਾ ਜਦ ਉਸਦੇ 50 ਪ੍ਰਤੀਸ਼ਤ ਅਪਾਹਜ ਲੜਕੇ ਨੂੰ ਜ਼ਿਲ੍ਹਾ ਸੈਨਿਕ ਬੋਰਡ ਹੁਸ਼ਿਆਰਪੁਰ ਵਿੱਚ 1 ਸਤੰਬਰ 2013 ਤੋਂ ਪੱਕੀ ਨੋਕਰੀ ਤੇ ਰੱਖਣ ਦਾ ਐਲਾਨ ਕੀਤਾ। ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਮੇਜਰ (ਸੇਵਾ ਮੁਕਤ) ਯਸ਼ਪਾਲ ਸਿੰਘ ਅਤੇ ਉਪ ਪ੍ਰਧਾਨ ਜ਼ਿਲ੍ਹਾ ਸੈਨਿਕ ਭਲਾਈ ਬੋਰਡ ਹੁਸ਼ਿਆਰਪੁਰ ਕਰਨਲ(ਸੇਵਾ ਮੁਕਤ) ਕੇ ਮਹਿੰਦਰ ਸਿੰਘ ਵਲੋਂ ਵਿਸੇਸ਼ ਤੌਰ ਤੇ ਪੀੜਤ ਪਰਿਵਾਰ ਨੂੰ ਮਿਲਣ ਲਈ ਪਿੰਡ ਬਠੁੱਲਾ ਗਏ ਅਤੇ ਉਹਨਾਂ ਮੱਖਣ ਸਿੰਘ ਦੇ ਲੜਕੇ ਪਰਮਿੰਦਰ ਸਿੰਘ ਦੀ ਪਤਨੀ ਸਲਿੰਦਰ ਕੌਰ ਅਤੇ ਨੂੰਹ ਮਨਪ੍ਰੀਤ ਕੌਰ ਨਾਲ ਮਿਲਕੇ ਸਾਰੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਅਰਜਨ ਐਵਾਰਡੀ ਮੱਖਣ ਸਿੰਘ ਦੇ ਪਰਿਵਾਰ ਦੀਆਂ ਵਿੱਤੀ ਔਕੜਾਂ ਦਾ ਉਮਰ ਭਰ ਲਈ ਹੱਲ ਕੱਢਿਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਪੰਜਾਬ ਅਮਲਗਾਮੇਟਿਡ ਫੰਡ ਵਿੱਚੋਂ ਨਕਾਰਾ ਪੈਨਸ਼ਨ, ਮਿਲਟਰੀ ਨਕਾਰਾ ਪੈਨਸ਼ਨ ਉਸ ਦੀ ਮਾਤਾ ਦੀ ਮੌਤ ਤੋਂ ਬਾਅਦ ਲਗਾਈ ਜਾਵੇਗੀ ਅਤੇ ਉਸ ਨੂੰ ਟਰਾਈ-ਮੋਟਰ ਸਾਈਕਲ ਵੀ ਦਿੱਤਾ ਜਾਵੇਗਾ। ਸਵਰਗੀ ਮੱਖਣ ਸਿੰਘ ਦੀ ਪਤਨੀ ਸਲਿੰਦਰ ਕੌਰ ਅਤੇ ਲੜਕੇ ਪਰਮਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਉਹ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਬਹੁਤ ਧੰਨਵਾਦੀ ਹਨ ਜਿਹਨਾਂ ਨੇ ਉਸਦੇ ਪਰਿਵਾਰ ਦੇ ਦੁੱਖ ਨੂੰ ਲੋਕ ਕਚਹਿਰੀ ਵਿੱਚ ਬੜੀ ਬੇਬਾਕੀ ਨਾਲ ਉਭਾਰਿਆ ਜਿਸਦੀ ਗੂੰਜ ਵੱਖ ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵਲੋਂ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ, ਲੋਕ ਸਭਾ ਅਤੇ ਰਾਜ ਸਭਾ ਵਿੱਚ ਉਭਾਰਕੇ ਸਾਡੀ ਤਰਸਯੋਗ ਹਾਲਤ ਦਾ ਮੁੱਦਾ ਦੇਸ਼ ਵਾਸੀਆਂ ਅਤੇ ਸਰਕਾਰ ਦੇ ਧਿਆਨ ਵਿੱਚ ਲਿਆਂਦਾ।

ਪਰਿਵਾਰ ਦੇ ਮੈਂਬਰਾਂ ਨੇ ਪਿੰਡ ਦੇ ਸਰਪੰਚ ਕੁਲਵਿੰਦਰ ਸਿੰਘ, ਸਾਬਕਾ ਸਰਪੰਚ ਸਰਬਜੀਤ ਕੌਰ, ਇੰਦਰਜੀਤ ਸਿੰਘ ਅਤੇ ਪਰਵਾਸੀ ਭਾਰਤੀ ਜੋਗਾ ਸਿੰਘ ਬਠੁੱਲਾ ਨੇ ਦੱਸਿਆ ਕਿ ਦੇਸ਼ ਵਿਦੇਸ਼ ਦੀਆਂ ਅਖਬਾਰਾਂ ਵਿੱਚ ਵਿਸਥਾਰਪੂਰਵਕ ਰਿਪੋਰਟ ਛਪਣ ਤੋਂ ਬਾਅਦ ਹੀ ਸਾਡੇ ਪਿੰਡ ਦੇ ਮਹਾਨ ਅਰਜਨਾ ਐਵਾਡੀ ਅਥਲੀਟ ਮੱਖਣ ਸਿੰਘ ਦੇ ਪਰਿਵਾਰ ਦੀ ਮਾੜੀ ਹਾਲਤ ਸਬੰਧੀ ਜਾਣਕਾਰੀ ਲੈਣ ਲਈ ਇਲੈਕਟ੍ਰਾਨਿਕ ਮੀਡੀਆ ਨਾਲ ਜੁੜੇ ਲੋਕ ਪਿੰਡ ਬਠੁੱਲਾ ਪੁੱਜੇ। ਇਸ ਸਬੰਧ ਵਿੱਚ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ, ਸੁਸ਼ਮਾ ਸਵਰਾਜ ਅਤੇ ਹੋਰ ਆਗੂਆਂ ਨੇ ਖਬਰਾਂ ਪੜ੍ਹਕੇ ਪਰਿਵਾਰ ਦੀ ਸਹਾਇਤਾ ਕਰਨ ਦੀ ਸਰਕਾਰ ਤੱਕ ਗੱਲ ਪਹੁੰਚਾਈ। ਉਹਨਾਂ ਕਿਹਾ ਕਿ ਕੁੱਝ ਸਿਆਸੀ ਆਗੂ ਪਹਿਲਾਂ ਸਾਰਾ ਕੁੱਝ ਜਾਣਦੇ ਹੋਏ ਵੀ ਚੁੱਪ ਸਨ ਪ੍ਰੰਤੂ ਜਦ ਮੀਡੀਏ ਵਿੱਚ ਖਬਰਾਂ ਛਪੀਆਂ ਤਾਂ ਕੁੱਝ ਸਥਾਨਿਕ ਪੱਧਰ ਦੇ ਸਿਆਸੀ ਆਗੂ ਆਪੋ ਆਪਣੇ ਨੰਬਰ ਬਣਾਉਂਣ ਲਈ ਸਾਡੇ ਘਰ ਗੇੜੇ ਮਾਰਕੇ ਸਾਨੂੰ ਆਖਣ ਲੱਗ ਪਏ ਕਿ ਸਰਕਾਰ ਨੇ ਉਹਨਾ ਦੇ ਕਹਿਣ ਤੇ ਪਰਿਵਾਰ ਦੀ ਆਰਥਿਕ ਸਹਾਇਤਾ ਕਰਨ ਦਾ ਭਰੋਸਾ ਦਿੱਤਾ ਹੈ। ਪਰਿਵਾਰ ਨੂੰ ਕੇਂਦਰੀ ਖੇਡ ਵਿਭਾਗ ਵਲੋਂ 2 ਲੱਖ, ਪੈਟਰੋਲੀਅਮ ਮੰਤਰਾਲੇ ਵਲੋਂ 5 ਲੱਖ ਅਤੇ ਹੋਰ ਸਮਾਜ ਸੇਵੀ ਜਥੇਬੰਦੀਆਂ ਵਲੋਂ ਤਕੜੀ ਸਹਾਇਤਾ ਕੀਤੀ ਅਤੇ ਭਰੋਸਾ ਦਿੱਤਾ ਹੈ। ਇਸ ਮੌਕੇ ਬੀਬੀ ਸੁਲਿੰਦਰ ਕੌਰ ਨੇ ਦੱਸਿਆ ਕਿ ਉਸਦੇ ਲੜਕੇ ਤੋਂ ਇਲਾਵਾ ਉਸਦੀ ਪਤਨੀ ਮਨਪ੍ਰੀਤ ਕੌਰ ਜੋ 10+2 ਪਾਸ ਹੈ ਨੂੰ ਵੀ ਸਰਕਾਰੀ ਨੌਕਰੀ ਦਿੱਤੀ ਜਾਵੇ। ਪਰਿਵਾਰ ਨੂੰ ਹੁਣ ਤੱਕ ਲਗਭਗ 10 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਹੋ ਚੁੱਕਾ ਹੈ। ਪੰਜਾਬ ਸਰਕਾਰ ਵੀ ਪਰਿਵਾਰ ਦੀ ਸਹਾਇਤਾ ਲਈ ਤਤਪਰ ਹੈ। ਪੀੜਤ ਪਰਿਵਾਰ ਨੇ ਸਿਆਸੀ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਮਹਾਨ ਅਥਲੀਟ ਦੇ ਪਰਿਵਾਰ ਨੂੰ ਮੱਦਦ ਦੇ ਨਾਂ ਤੇ ਸਿਆਸਤ ਨਾ ਖੇਡਣ, ਸਰਕਾਰ ਅਤੇ ਹੋਰ ਸਿਆਸੀ ਪਾਰਟੀਆਂ ਦੇ ਆਗੂ ਮੱਖਣ ਸਿੰਘ ਦੀ ਖੇਡ ਜਗਤ ਨੂੰ ਦੇਣ ਬਦਲੇ ਉਸਦੇ ਪਰਿਵਾਰ ਦੀ ਸਹਾਇਤਾ ਲਈ ਅੱਗੇ ਆਉਂਣ। ਪਰਿਵਾਰ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਕਦਰ ਕਰਦਾ ਹੈ ਜਿਹਨਾਂ ਨੇ ਦੁੱਖ ਦੀ ਘੜੀ ਵਿੱਚ ਪਰਿਵਾਰ ਦਾ ਸਾਥ ਦਿੱਤਾ। ਇਸ ਮੌਕੇ ਸਲਿੰਦਰ ਕੌਰ ਨੇ ਦੱਸਿਆ ਕਿ ਪੈਟਰੋਲ ਮੰਤਰਾਲੇ ਵਲੋਂ ਪਰਿਵਾਰ ਨੂੰ 5 ਲੱਖ ਰੁਪਏ ਦੀ ਪੇਸ਼ਕਸ਼ ਕਿਸੇ ਵੇਲੇ ਮੱਖਣ ਸਿੰਘ ਨਾਲ ਕੀਤੇ ਗਏ ਬਾਅਦੇ ਤੋਂ ਮੁਕਰਨ ਵਾਲੀ ਗੱਲ ਹੈ। ਉਸਨੇ ਦੱਸਿਆ ਅਰਜਨਾ ਐਵਾਰਡ ਦੇਣ ਸਮੇਂ ਮੱਖਣ ਸਿੰਘ ਨੂੰ ਪੈਟਰੋਲ ਪੰਪ ਦੇਣ ਦਾ ਬਾਅਦਾ ਕੀਤਾ ਗਿਆ ਸੀ ਜੋ ਨਹੀਂ ਦਿੱਤਾ ਗਿਆ ਤੇ ਜਦ ਹੁਣ ਗੱਲ ਲੋਕਾਂ ਵਿੱਚ ਪੁੱਜੀ ਤਾ ਵਿਭਾਗ ਦੇ ਮੰਤਰੀ ਪੰਪ ਦੇਣ ਦੀ ਥਾਂ 5 ਲੱਖ ਦੇਣ ਦਾ ਐਲਾਨ ਕਰਕੇ ਆਪਣੇ ਬਾਅਦੇ ਵਿਰੁੱਧ ਜਾ ਰਹੀ ਹੈ। ਉਸਨੇ ਦੱਸਿਆ ਕਿ ਭਾਵੇਂ ਉਸਦੇ ਤੀਸਰੇ ਲੜਕੇ ਪਰਮਿੰਦਰ ਸਿੰਘ ਸੋਢੀ ਨੂੰ ਸੈਨਿਕ ਵਿਭਾਗ ਨੋਕਰੀ ਦੇਣ ਦਾ ਐਲਾਨ ਕਰ ਚੁੱਕਾ ਹੈ ਪ੍ਰੰਤੂ ਉਹ ਬਚਪਨ ਵਿਚ ਅਧਿਰੰਗ ਦੀ ਬਿਮਾਰੀ ਕਾਰਨ ਇਕ ਬਾਂਹ ਅਤੇ ਜ਼ੁਬਾਨ ਗੁਵਾ ਬੈਠਾ ਹੈ। ਉਸਦੀ ਇਕ ਬਾਂਹ ਨਿਕਾਰਾ ਹੋ ਚੁੱਕੀ ਹੈ ਅਤੇ ਜੁਬਾਨ ਵਿਚੋਂ ਉਹ ਕਿਸੇ ਨਾਲ ਵੀ ਸਾਫ ਸ਼ਬਦਾਂ ਵਿਚ ਗੱਲ ਕਰਨ ਤੋਂ ਅਸਮਰੱਥ ਹੈ। ਉਹ ਹੁਸ਼ਿਆਰਪੁਰ ਬਲਾਕ ਇਕ ਬਲਾਕ ਵਿਕਾਸ ਅਤੇ ਪੰਚਾਇਤ ਵਿਭਾਗ ਵਿਚ 2500 ਰੁਪਏ ਮਾਸਿਕ ਤਨਖਾਹ ਤੇ ਬਤੌਰ ਸੇਵਾਦਾਰ ਵਜੋਂ ਕੱਚੀ ਨੌਕਰੀ ਕਰਕੇ ਪੂਰੇ ਪਰਿਵਾਰ ਦਾ ਪੇਟ ਪਾਲ ਰਿਹਾ ਹੈ।



ਪਿੰਡ ਬਠੁੱਲਾ ਵਿਖੇ ਆਪਣੇ ਘਰ ਸਵਰਗੀ ਅਰਜਨਾ ਐਵਾਰਡੀ ਅਥਲੀਟ ਅਤੇ ਉਡਣੇ ਸਿੱਖ ਮਿਲਖਾ ਸਿੰਘ ਨੂੰ ਹਰਾਉਣ ਵਾਲੇ ਮੱਖਣ ਸਿੰਘ ਦਾ ਅਪਾਹਜ ਲੜਕਾ ਪਰਮਿੰਦਰ ਸੋਢੀ ਅਤੇ ਉਸਦੀ ਪਤਨੀ ਮਨਪ੍ਰੀਤ ਕੌਰ ਗੱਲਬਾਤ ਕਰਦੇ ਹੋਏ।

ਇਥੇ ਇਹ ਜ਼ਿਕਰਯੋਗ ਹੈ ਕਿ ਮੱਖਣ ਸਿੰਘ ਸਿਰਫ ਸੱਤ ਜ਼ਮਾਤਾਂ ਪਾਸ ਸੀ । ਮਾਂ ਦੀ ਮੌਤ ਤੋਂ ਬਾਅਦ ਖੇਤੀ ਛੱਡਕੇ 1955 ਫੌਜ਼ ਵਿਚ ਭਰਤੀ ਹੋ ਗਿਆ। ਉਹ 1964 ਵਿਚ ਥਲ ਸੈਨਾ ਵਿਚ ਨਾਇਬ ਸੂਬੇਦਾਰ ਬਣ ਗਿਆ। ਉਸਨੇ 1965 ਵਿਚ ਭਾਰਤ ਪਾਕਿਸਤਾਨ ਜੰਗ ਦੌਰਾਨ ਸਿਆਲਕੋਟ ਸੈਕਟਰ ਵਿੱਚ ਮੋਹਰੀ ਭੂਮਿਕਾ ਨਿਭਾਈ, 1971 ਦੀ ਜੰਗ ਵਿਚ ਤਨਦੇਹੀ ਨਾਲ ਮੋਰਹਰੇ ਹੋ ਕੇ ਦੁਸ਼ਮਣ ਫੌਜ਼ਾਂ ਦਾ ਟਾਕਰਾ ਕੀਤਾ,1972 ਵਿਚ ਭਾਰਤੀ ਫੋਜ਼ ਵਿਚੋਂ ਸੇਵਾ ਮੁਕਤ ਹੋ ਗਏ। ਸੇਵਾ ਮੁਕਤੀ ਤੋਂ ਬਾਅਦ ਪਰਿਵਾਰ ਤੇ ਦੁੱਖਾਂ ਮੁਸੀਬਤਾਂ ਦਾ ਪਹਾੜ ਟੁੱਟ । ਖੇਡ ਅਤੇ ਖੇਡਾਂ ਖੇਡਣ ਵਾਲੇ ਨੌਜ਼ਵਾਨਾਂ ਨੂੰ ਅਤਿ ਦਾ ਪਿਆਰ ਅਤੇ ਹੁਲਾਰਾ ਦੇਣ ਵਾਲੇ ਮੱਖਣ ਸਿੰਘ ਨੇ 18 ਸਾਲ ਦਿਨ ਰਾਤ ਟਰੱਕ ਚਲਾਇਆ । ਇਸ ਕਿੱਤੇ ਨੇ ਉਸਦਾ ਉਸ ਵਕਤ ਲੱਕ ਤੌੜਕੇ ਰੱਖ ਜਦ ਹਾਦਸੇ ਵਿਚ ਮੱਖਣ ਸਿੰਘ ਦੀ ਇਕ ਲੱਤ ਤਿੰਨ ਜਗ੍ਹਾ ਤੋਂ ਟੁੱਟਣ ਅਤੇ ਵਾਧੂ ਸ਼ੂਗਰ ਹੋਣ ਕਾਰਨ ਡਾਕਟਰਾਂ ਨੂੰ ਉਸਦੀ ਇਕ ਲੱਤ ਕੱਟ ਦਿੱਤੀ। ਉਸਨੇ ਚੱਬੇਵਾਲ ਵਿਖੇ ਕਾਪੀਆਂ ਕਿਤਾਬਾਂ ਦੀ ਦੁਕਾਨ ਪਾਈ । ਉਸਦੀ 2002 ਵਿਚ ਜਦ ਮੌਤ ਹੋਈ । ਉਹਨਾਂ ਦੀ ਪਰਿਵਾਰ ਦੇ ਮੈਂਬਰਾਂ ਦੇ ਇਲਾਜ ਲਈ ਸਾਰੀ ਜ਼ਮੀਨ ਤੱਕ ਵਿਕ ਚੁੱਕੀ ਸੀ। ਕਈਆਂ ਨੇ ਮਜ਼ਬੂਰੀ ਦਾ ਲਾਭ ਲੈ ਕੇ ਜ਼ਮੀਨ ਉਸ ਵਕਤ ਕੋਡੀਆਂ ਦੇ ਭਾਅ ਖਰੀਦ ਲਈ।

ਮੱਖਣ ਸਿੰਘ ਦੀਆਂ ਪ੍ਰਾਪਤੀਆਂ ਦੇਖੀਏ ਤਾਂ ਉਸਨੇ 1964 ਵਿਚ ਕਲਕੱਤਾ ਵਿਖੇ ਹੋਈਆਂ ਕੌਮੀ ਐਥਲੈਟਿਕਸ ਖੇਡਾਂ ਵਿਚ ਉਡਣੇ ਸਿੱਖ ਨਾਲ ਮਸ਼ਹੂਰ ਹੋਏ ਖਿਡਾਰੀ ਮਿਲਖਾ ਸਿੰਘ ਨੂੰ ਹਰਾ ਦਿੱਤਾ ਸੀ। ਮੱਖਣ ਸਿੰਘ ਤਿੰਨ ਨੰਬਰ ਲਾਇਨ ਵਿਚ ਦੋੜਨ ਲਈ ਖੜ੍ਹਾ ਸੀ। ਸਟੇਡੀਅਮ ਵਿਚ ਦਰਸ਼ਕ ਉਸ ਵਕਤ ਹੈਰਾਨ ਰਹਿ ਗਏ ਜਦ ਤੀਸਰੀ ਲਾਇਨ ਵਿਚ ਖੜ੍ਹੇ ਮੱਖਣ ਸਿੰਘ ਵਲੋਂ ਮਿਲਖਾ ਸਿੰਘ ਤੋਂ ਅੱਗੇ ਲੰਘਦਿਆਂ ਸਮਾਪਤੀ ਕੇਂਦਰ ਪਾਰ ਕਰ ਲਿਆ ਅਤੇ ਮੁਕਾਬਲੇ ਦਾ ਖਿਤਾਬ ਆਪਣੇ ਨਾਮ ਕਰ ਲਿਆ। ਸੱਤ ਜਮਾਤਾਂ ਪਾਸ ਇਸ ਦੌੜਾਕ ਦਾ ਅੰਤ ਬਹੁਤ ਹੀ ਤਰਸ ਭਰਿਆ ਹੈ। ਉਸਦੇ ਜ਼ਵਾਨ ਦੋ ਲੜਕਿਆਂ ਦੀ ਮੌਤ ਭਰ ਜ਼ਵਾਨੀ ਵਿਚ ਹੋ ਗਈ।

ਉਸਦੇ ਵਿਆਹ ਤੋਂ ਇਕੀ ਦਿਨ ਬਾਅਦ ਉਸਦੀ ਮਾਤਾ ਅਤੇ ਪਿਤਾ ਬੰਤਾ ਸਿੰਘ ਦੀ ਮੌਤ ਹੋ ਗਈ। ਮੱਖਣ ਸਿੰਘ ਨੂੰ ਫੁੱਟਬਾਲ ਖੇਡ ਨਾਲ ਪਿਆਰ ਸੀ ਤੇ ਉਹ ਅਕਸਰ ਹੀ ਫੁੱਟਬਾਲ ਖੇਡਦਾ ਸੀ ਪ੍ਰੰਤੂ ਉਸਦੇ ਫੌਜੀ ਸਾਥੀ ਹਵਲਦਾਰ ਨਰੰਜਣ ਸਿੰਘ ਦੀ ਪ੍ਰੇਰਨਾ ਨਾਲ ਉਹ ਦੌੜ ਵੱਲ ਖਿਚਿਆ ਗਿਆ ,1956 ਵਿਚ ਆਰਮੀ ਸਪੋਰਟਸ ਕੰਟਰੋਲ ਬੋਰਡ ਵਲੋਂ ਪੁਣੇ ਵਿਚ ਐਥਲੈਟਿਕ ਮੀਟ ਕਰਵਾਈ ਜਿਸ ਦੌਰਾਨ ਉਸਨੇ ਸਖਤ ਮਿਹਨਤ ਕੀਤੀ।

ਦਿਨ ਰਾਤ ਮਿਹਨਤ ਦਾ ਫਲ ਉਸ ਵਕਤ ਮਿਲਿਆ ਜਦ ਉਸਨੇ 1957×58 ਵਿਚ ਕੌਮੀ ਐਥਲੈਟਿਕਸ ਵਿਚ ਦੂਸਰਾ ਸਥਾਨ ਪ੍ਰਾਪਤ ਕੀਤਾ। ਏਸ਼ੀਅਨ ਖੇਡਾਂ ਲਈ ਦਿੱਲੀ ਵਿਖੇ ਤਿੰਨ ਮਹੀਨੇ ਲੱਗੇ ਕੈਂਪ ਵਿਚ ਉਸਨੇ ਦੇਹ ਤੌੜ ਮਿਹਨਤ ਕੀਤੀ ਪ੍ਰੰਤੂ ਅਚਾਨਿਕ ਤੇਜ ਬੁਖਾਰ ਚੜ੍ਹਨ ਕਾਰਨ ਉਹ ਉਕਤ ਖੇਡਾਂ ਵਿਚ ਸ਼ਾਮਿਲ ਨਾ ਹੋ ਸਕਿਆ। ਇਸ ਤੋਂ ਬਾਅਦ 1959 ਵਿਚ ਤ੍ਰਿਵੇਂਦਰਮ ਐਥਲੈਟਿਕ ਮੀਟ ਵਿਚ ਮੱਖਣ ਸਿੰਘ ਨੇ 100 ਮੀਟਰ ਵਿਚ ਪਹਿਲਾ ਅਤੇ 200 ਮੀਟਰ ਵਿਚ ਦੂਸਰਾ ਸਥਾਨ ਪ੍ਰਾਪਤ ਕੀਤਾ। ਖੇਡ ਪ੍ਰਾਪਤੀਆਂ ਦੇ ਨਾਲ ਨਾਲ ਉਸਦਾ ਥਲ ਸੈਨਾ ਵਿਚ ਵੀ ਕੱਦ ਵੱਧਦਾ ਗਿਆ। ਇਸ ਤੋਂ ਬਾਅਦ 1962 ਵਿਚ ਜਕਾਰਤਾ ਏਸ਼ਆਈ ਖੇਡਾਂ ਵਿਚ ਉਸਨੇ 4 ਗੁਣਾ 100 ਮੀਟਰ ਰੀਲੇਅ ਦੌੜ ਵਿਚ ਗੋਲਡ ਮੈਡਲ ਜਿੱਤਿਆ ਅਤੇ 400 ਮੀਟਰ ਵਿਚ ਮਿਲਖਾ ਸਿੰਘ ਨਾਲ ਦੌੜਕੇ ਦੂਜਾ ਸਥਾਨ ਪ੍ਰਾਪਤ ਕੀਤਾ। 1964 ਵਿਚ ਕੌਮੀ ਐਥਲੈਟਿਕਸ ਵਿਚ 200 ਮੀਟਰ ਦੌੜ ਵਿਚ ਉਸਨੇ ਮਿਲਖਾ ਸਿੰਘ ਨੂੰ ਹਰਾਕੇ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੀ ਜਿੱਤ ਨਾਲ ਕੌਮੀ ਪਹਿਚਾਣ ਬਣਾਈ। ਇਸਦੇ ਦੌਰਾਨ ਉਸਨੇ 400 ਮੀਟਰ ਵਿਚ ਵੀ ਪਹਿਲਾ ਸਥਾਨ ਪ੍ਰਾਪਤ ਕੀਤਾ। ਉਸਦੀ ਪਤਨੀ ਸੁਰਿੰਦਰ ਕੌਰ ਨੇ ਦੱਸਿਆ ਕਿ ਉਸਦੇ ਪਤੀ ਨੇ ਮਿਲਖਾ ਸਿੰਘ ਨਾਲ 10 ਸਾਲ ਸਾਥ ਨਿਭਾਇਆ ਅਤੇ ਉਹਨਾਂ ਕੋਲੋਂ ਬਹੁਤ ਕੁੱਝ ਸਿੱਖਿਆ। ਉਹ ਦੱਸਦੀ ਹੈ ਕਿ 1964 ਵਿਚ ਟੋਕੀਓ ਉਲੰਪਿਕ ਵਿਚ ਮੱਖਣ ਸਿੰਘ ਨੇ 4×100 ਰੀਲੇਅ ਦੌੜ ਵਿਚ ਮਿਲਖਾ ਸਿੰਘ, ਅੰਮ੍ਰਿਤਪਾਲ ਅਤੇ ਅਜਮੇਰ ਸਿੰਘ ਨਾਲ ਹਿੱਸਾ ਲਿਆ ਪਰ ਸਾਰੀ ਟੀਮ ਕੁਆਟਰ ਫਾਈਨਲ ਵਿਚ ਹੀ ਆਊਟ ਹੋ ਗਈ। ਅਰਜਨਾ ਐਵਾਰਡ ਨਾਲ ਸਨਮਾਨਿਤ ਮੱਖਣ ਸਿੰਘ ਨੂੰ ਸਾਬਕਾ ਕੇਂਦਰੀ ਖੇਡ ਮੰਤਰੀ ਮਨੋਹਰ ਸਿੰਘ ਗਿੱਲ ਵਲੋਂ ਪਰਿਵਾਰ ਨੂੰ ਤਿੰਨ ਲੱਖ ਰੁਪਿਆ ਰਾਸ਼ੀ ਦਿੱਤੀ ਸੀ ਜੋ ਸਾਰੀ ਲੜਕਿਆਂ ਦੀ ਬਿਮਾਰੀ ਅਤੇ ਘਰ ਵਿਚ ਹੀ ਖਰਚ ਹੋ ਗਈ। 1964 ਵਿਚ ਸਾਬਕਾ ਰਾਸ਼ਟਰਪਤੀ ਰਾਧਾ ਕ੍ਰਿਸ਼ਨਨ ਵਲੋਂ ਮੱਖਣ ਸਿੰਘ ਨੂੰ ਅਰਜਨ ਐਵਾਰਡ ਨਾਲ ਸਨਮਾਨਿਤ ਕੀਤਾ। ਸਲਿੰਦਰ ਕੌਰ ਦੱਸਦੀ ਹੈ ਕਿ ਉਸਦਾ ਪਤੀ ਐਵਾਰਡ ਮੋਹਰੇ ਰੱਖਕੇ ਉਸਨੂੰ ਦੇਖ ਦੇਖ ਰੋਂਦਾ ਸੀ। ਗਰੀਬੀ, ਬੱਚਿਆਂ ਦੀ ਮੌਤ ਅਤੇ ਘਰ ਦੀ ਸਾੜਸਤੀ ਨੇ ਉਸਦੀਆਂ ਸਾਰੀਆਂ ਪ੍ਰਾਪਤੀਆਂ ਤੇ ਪਾਣੀ ਫੇਰ ਦਿੱਤਾ ਸੀ। ਉਘੇ ਅਥਲੀਟ ਮੱਖਣ ਸਿੰਘ ਨੇ ਮਿਲਖਾ ਸਿੰਘ ਨੂੰ ਹਰਾਕੇ ਪ੍ਰਸਿੱਧੀ ਖੱਟੀ ਅਤੇ ਟਰੱਕ ਡਰਾਇਵਰ ਬਣਕੇ ਉਹ ਮਹਾਂਰਾਸ਼ਟਰ ਵਿਚ ' ਰਾਣਾ ਡਰਾਇਵਰ ' ਦੇ ਨਾਮ ਨਾਲ ਮਸ਼ਹੂਰ ਹੋਇਆ। ਉਸਦੇ ਅਪਾਹਜ ਲੜਕੇ ਸੋਢੀ ਨੇ ਕਿਹਾ ਕਿ ਉਸਦੇ ਪਿਤਾ ਦੀ ਪਿੰਡ ਵਿਚ ਯਾਦਗਾਰ ਬਣਨੀ ਚਾਹੀਦੀ ਹੈ। ਮਿਲਖਾ ਸਿੰਘ ਦੇ ਨਾਮ ਤੇ ਬਣੀ ਫਿਲਮ ਵਿਚ ਉਸਦੇ ਪਿਤਾ ਦੇ ਨਾਮ ਦਾ ਵੀ ਜ਼ਿਕਰ ਹੋਣਾ ਚਾਹੀਦਾ ਸੀ ਪ੍ਰੰਤੂ ਸਾਡੇ ਵਰਗੇ ਗਰੀਬਾਂ ਦੀ ਇਥੇ ਕੋਈ ਵੁਕਤ ਹੀ ਨਹੀਂ ਹੈ।

# ਅੰਤਰਾਸ਼ਟਰੀ ਫੁੱਟਬਾਲਰ ਅਪਾਹਜ ਸਾਬਕਾ ਫੋਜੀ ਸੁਲਤਾਨ ਸਿੰਘ ਨਰਕ ਭਰੀ ਜ਼ਿੰਦਗੀ ਜੀਉਂਣ ਲਈ ਮਜ਼ਬੂਰ


## ਇਲਾਜ ਲਈ ਲਿਆ ਕਰਜਾ ਨਾ ਮੋੜਨ ਕਾਰਨ 14 ਕਨਾਲ ਜ਼ਮੀਨ ਕੁਰਕ ਕਰਨ ਦੇ ਹੁਕਮ

ਮਾਹਿਲਪੁਰ (ਸ਼ਿਵ ਕੁਮਾਰ ਬਾਵਾ)- ਪਿੰਡ ਲਹਿਲੀ ਖੁਰਦ ਵਿਖੇ ਫੁੱਟਬਾਲ ਦਾ ਉੱਘਾ ਖਿਡਾਰੀ, ਸਾਬਕਾ ਫੌਜ਼ੀ ਖਸਤਾ ਹਾਲਤ ਮਕਾਨ ਵਿੱਚ ਆਪਣੇ ਪਰਿਵਾਰ ਸਮੇਤ ਨਰਕ ਭਰੀ ਜ਼ਿੰਦਗੀ ਕੱਟ ਰਿਹਾ ਹੈ। ਦੋ ਜਵਾਨ ਧੀਆਂ,ਇੱਕ ਲੜਕੇ ਸਮੇਤ ਪਤਨੀ ਅਤੇ ਬਜ਼ੁਰਗ ਬਿਮਾਰ ਪਿਤਾ ਨਾਲ ਰਹਿੰਦੇ ਇਸ ਖਿਡਾਰੀ ਦੀ ਆਰਥਿਕ ਹਾਲਤ ਐਨੀ ਕਮਜ਼ੋਰ ਹੈ ਕਿ ਉਸਦਾ ਪਰਿਵਾਰ ਰੋਟੀ ਨੂੰ ਵੀ ਤਰਸ ਰਿਹਾ ਹੈ। ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਵਲੋਂ ਆਪਣੀ ਵਿਲੱਖਣ ਖੇਡ ਕਲਾ ਸਦਕਾ ਸਨਮਾਨਿਤ ਖਿਡਾਰੀ ਦੀ ਬੀਤੇ ਦਿਨ ਹਾਲਤ ਤਰਸਯੋਗ ਬਣ ਗਈ ਜਦ ਉਸ ਵਲੋਂ ਆਪਣੀ 14 ਕਨਾਲ ਜ਼ਮੀਨ ਤੇ ਆਪਣੇ ਇਲਾਜ ਅਤੇ ਬੱਚਿਆਂ ਨੂੰ ਪੜ੍ਹਾਉਂਣ ਲਈ ਬੈਂਕ ਤੋਂ ਚੁੱਕੇ 5 ਲੱਖ ਰੁਪਏ ਕਰਜ ਦੀ ਕਿਸ਼ਤ ਨਾ ਮੋੜ ਸਕਣ ਕਾਰਨ ਬੈਂਕ ਅਧਿਕਾਰੀ ਜ਼ਮੀਨ ਨੂੰ 15 ਦਿਨਾਂ ਅੰਦਰ ਕੁਰਕ ਕਰਨ ਦੀ ਧਮਕੀ ਦੇ ਗਏ। ਡਿਊਟੀ ਦੌਰਾਨ ਕਾਤਲਾਨਾ ਹਮਲੇ ' ਚ 80 ਪ੍ਰਤੀਸ਼ਤ ਨਕਾਰਾ ਹੋਏ ਇਸ ਜਵਾਨ ਨੇ ਭਾਰਤ ਸਰਕਾਰ ਅਤੇ ਥਲ ਸੈਨਾ ਤੋਂ ਢੁਕਵੇਂ ਮੁਆਵਜ਼ੇ ਦੀ ਮੰਗ ਕੀਤੀ ਹੈ। ਉਸਨੇ ਆਪਣੀ ਤਰਸਯੋਗ ਹਾਲਤ ਸਬੰਧੀ ਭਾਰਤ ਦੇ ਰਾਸ਼ਟਰਪਤੀ,ਪ੍ਰਧਾਨ ਮੰਤਰੀ ਅਤੇ ਕੇਂਦਰੀ ਖੇਡ ਵਿਭਾਗ ਨੂੰ ਲਿਖਤੀ ਪੱਤਰ ਲਿਖਕੇ ਸਹਾਇਤਾ ਮੰਗੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਲਹਿਲੀ ਖੁਰਦ ਦੇ ਵਾਸੀ ਸੁਲਤਾਨ ਸਿੰਘ (46) ਪੁੱਤਰ ਅਮਰੀਕ ਸਿੰਘ ਨੇ ਆਪਣੀ ਪਤਨੀ ਸੁਖਵਿੰਦਰ ਕੌਰ ਦੀ ਹਾਜਰੀ ਵਿੱਚ ਦੱਸਿਆ ਕਿ ਉਸਨੇ ਦਸਵੀਂ ਤੱਕ ਦੀ ਪੜ੍ਹਾਈ ਜਿਆਣ ਚੱਬੇਵਾਲ ਸਕੂਲ ,10+2 ਡੀ ਏ ਵੀ ਕਾਲਜ ਹੁਸ਼ਿਆਰਪੁਰ ਤੋਂ ਕੀਤੀ। ਵਧੀਆ ਖੇਡ ਕਲਾ ਕਾਰਨ ਉਹ ਨੈਸ਼ਨਲ ਪੱਧਰ ਦੇ ਟੂਰਨਾਮੈਂਟ ਖੇਡਿਆ,ਜਿਸ ਤੋਂ ਪ੍ਰਭਾਵਿਤ ਹੋ ਕੇ ਉਸਨੂੰ ਖੇਡਦਿਆਂ ਦੇਖਕੇ 11×5×1987 ਨੂੰ ਪੰਜਾਬ ਰੈਜਮੈਂਟ ਰਾਮਗੜ੍ਹ ਸੈਂਟਰ (ਝਾਰਖੰਡ) ਤੋਂ ਆਏ ਭਾਰਤੀ ਥਲ ਸੈਨਾ ਦੇ ਅਧਿਕਾਰੀ ਆਪਣੇ ਨਾਲ ਲੈ ਗਏ ਅਤੇ ਟ੍ਰੇਨਿੰਗ ਦੌਰਾਨ ਹੀ ਕਰਨਲ ਅਮਰੀਕ ਸਿੰਘ ਨੇ ਉਸਨੂੰ ਫੋਜ਼ ਵਿੱਚ ਬਤੌਰ ਹੋਲਦਾਰ ਭਰਤੀ ਕਰਕੇ ਫੁੱਟਬਾਲ ਟੀਮ ਲਈ ਚੁਣ ਲਿਆ। ਉਸਦੀ ਅਗਵਾਈ ਵਿੱਚ ਟੀਮ ਨੇ ਅੰਤਰਰਾਸ਼ਟਰੀ ਪੱਧਰ 'ਤੇ ਵੱਡੀਆਂ ਜਿੱਤਾਂ ਪ੍ਰਾਪਤ ਕੀਤੀਆਂ।



ਉਸਦੀ ਚੰਗੀ ਖੇਡ ਕਲਾ ਨੂੰ ਉਸ ਵਕਤ ਨਜ਼ਰ ਲੱਗ ਗਈ ਜਦ ਉਹ ਆਪਣੀ ਯੂਨਿਟ -16 ਦੇ ਸਾਥੀ ਲੈਂਸ ਨਾਇਕ ਦਰਸ਼ਨ ਸਿੰਘ ਵਲੋਂ ਕੀਤੇ ਕਾਤਲਾਨਾ ਹਮਲੇ ਦਾ ਸ਼ਿਕਾਰ ਹੋ ਗਿਆ। 15-10-1989 ਨੂੰਡਿਊਟੀ ਦੌਰਾਨ ਦਰਸ਼ਨ ਸਿੰਘ ਨੇ ਚਾਕੂ ਨਾਲ ਹਮਲਾ ਕਰਕੇ ਉਸਦਾ ਪੇਟ ਪਾੜ ਦਿੱਤਾ। ਕਿਉਕਿ ਸੁਲਤਾਨ ਸਿੰਘ ਨੇ ਉਸਨੂੰ ਅੰਮ੍ਰਿਤਧਾਰੀ ਹੋਣ ਕਰਕੇ ਸ਼ਰਾਬ ਪੀਣ ਅਤੇ ਖਰੂਦ ਕਰਨ ਤੋਂ ਰੋਕਿਆ ਸੀ। ਉਹ ਫੋਜ਼ ਦੇ ਰਾਮਗੜ੍ਹ ਐਮ ਐਚ ਹਸਪਤਾਲ ਵਿੱਚ ਡੇਢ ਮਹੀਨਾ ਦਾਖਿਲ ਰਿਹਾ। ਡਾ ਕੈਪਟਨ ਕਪਿਲ ਸਿਨਹਾ ਨੇ ਉਸਦੇ ਪਾੜੇ ਪੇਟ ਨੂੰ 74 ਟਾਂਕੇ ਲਾਕੇ ਸੀਤਾ ਅਤੇ ਨੌਕਰੀ ਲਈ ਅਯੋਗ ਕਰਾਰ ਦੇ ਕੇ ਸੀਨੀਅਰ ਅਧਿਕਾਰੀਆਂ ਨੂੰ ਸੂਚਿਤ ਕਰਕੇ ਘਰ ਨੂੰ ਤੋਰ ਦਿੱਤਾ। ਫੋਜ਼ ਵਿੱਚ ਖੇਡ ਦੌਰਾਨ ਉਸਨੂੰ ਵਧੀਆ ਖੇਡ ਕਲਾ ਦਾ ਪ੍ਰਦਰਸ਼ਨ ਕਰਨ ਕਾਰਨ ਬਰਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਸਮੇਤ ਹੋਰ ਉਚ ਅਧਿਕਾਰੀਆਂ ਵਲੋਂ ਕਈ ਵਾਰ ਸਨਮਾਨਿਤ ਕੀਤਾ ਗਿਆ। ਫੁੱਟਬਾਲ ਦਾ ਉਚ ਖਿਡਾਰੀ ਬਣਨ ਦਾ ਸਪਨਾ ਉਸਦੇ ਸਾਥੀ ਸ਼ਰਾਬੀ ਅਧਿਕਾਰੀ ਨੇ ਅਜਿਹਾ ਖਰਾਬ ਕੀਤਾ ਕਿ ਉਹ ਫੌਜ਼ ਵਿੱਚ 1987 ਤੋਂ 1990 ਤੱਕ ਹੀ ਨੌਕਰੀ ਕਰ ਸਕਿਆ।ਹਮਲਾਵਰ ਵਿਰੁੱਧ ਵਿਭਾਗ ਵਲੋਂ ਕੋਈ ਢੁਕਵੀਂ ਕਾਰਵਾਈ ਨਹੀਂ ਕੀਤੀ ਤੇ ਉਹ ਇਸ ਸਮੇਂ ਸੇਵਾ ਮੁਕਤ ਹੋ ਕੇ ਸੁੱਖ ਭਰਿਆ ਜੀਵਨ ਬਤੀਤ ਕਰ ਰਿਹਾ ਹੈ ਜਦਕਿ ਸੁਲਤਾਨ ਸਿੰਘ ਨੂੰ ਸਮੇਂ ਤੋਂ ਪਹਿਲਾਂ ਹੀ ਪੈਨਸ਼ਨ ਤੇ ਘਰ ਤੋਰ ਦਿੱਤਾ। ਉਹ ਜਦ ਘਰ ਪੁੱਜਾ ਤਾਂ ਭਰਾਵਾਂ ਅਤੇ ਭੈਣਾਂ ਨੇ ਉਸਨੂੰ ਮੂੰਹ ਨਹੀਂ ਲਾਇਆ ਜੋ ਕਿ ਇਟਲੀ ਅਤੇ ਕਨੇਡਾ ਵਿੱਚ ਪੱਕੇ ਤੌਰ ਤੇ ਰਹਿ ਰਹੇ ਹਨ। ਉਸਨੇ 25 ਕਨਾਲ ਜ਼ਮੀਨ ਵਿੱਚੋਂ 11 ਕਨਾਲ ਆਪਣੇ ਵਿਆਹ ਅਤੇ ਆਪਣੀ ਸਿਹਤ ਦੇ ਸੁਧਾਰ ਲਈ ਵੇਚ ਦਿੱਤੀ। ਇਸੇ ਦੌਰਾਨ ਮਾਤਾ ਦੀ ਮੌਤ ਹੋ ਗਈ ਅਤੇ ਉਸ ਕੋਲ ਰਹਿੰਦੇ ਬਜ਼ੁਰਗ ਪਿਤਾ ਦੀ ਸਿਹਤ ਵੀ ਵਿਗੜ ਗਈ। ਪਿਤਾ ਦੇ ਇਲਾਜ ਅਤੇ ਤਿੰਨ ਬੱਚਿਆਂ ਨੂੰ ਪੜ੍ਹਾਉਂਣ ਲਈ ਉਸਨੇ ਆਪਣੀ ਰਹਿੰਦੀ 14 ਕਨਾਲ ਜ਼ਮੀਨ ਤੇ 5 ਲੱਖ ਰੁਪਿਆ ਕਰਜ ਚੁੱਕ ਲਿਆ ਜਿਸਦੀ ਕੋਈ ਵੀ ਕਿਸ਼ਤ ਨਾ ਮੁੜਨ ਕਾਰਨ ਉਸਨੂੰ ਬੀਤੇ ਦਿਨ ਬੈਂਕ ਅਧਿਕਾਰੀਆਂ ਨੇ ਵਿਆਜ ਸਮੇਤ 8 ਲੱਖ ਰੁਪਿਆ 15 ਦਿਨਾਂ ਦੇ ਅੰਦਰ ਮੋੜਨ ਦਾ ਨੋਟਿਸ ਦੇ ਕੇ ਜ਼ਮੀਨ ਨੂੰ ਕੁਰਕ ਕਰਵਾਕੇ ਪੈਸੇ ਵਸੂਲਣ ਦਾ ਨੋਟਿਸ ਦਿੱਤਾ ਹੈ।



ਉਸਨੇ ਦੱਸਿਆ ਕਿ ਉਸਨੂੰ 26 ਸਾਲ ਸਰੀਰਕ ਪੱਖੋਂ ਨਕਾਰਾ ਹੋਣ ਕਾਰਨ ਬੇਰੁਜਗਾਰ ਘਰ ਬੈਠਿਆਂ ਹੋ ਚੱਲੇ ਹਨ। ਉਸਨੂੰ ਮਿਲਣ ਵਾਲੀ 6668 ਰੁਪਏ ਪੈਨਸ਼ਨ ਵੀ ਕਈ ਵਾਰ ਬੰਦ ਹੋ ਜਾਂਦੀ ਹੈ। ਉਸਦੀਆਂ ਦੋ ਲੜਕੀਆਂ ਮਨਪ੍ਰੀਤ ਕੌਰ ਅਤੇ ਨਵਪ੍ਰੀਤ ਕੌਰ ਬੀ ਏ ਫਾਈਨਲ ਵਿੱਚ ਪੜ੍ਹਦੀਆਂ ਹਨ ਅਤੇ ਲੜਕਾ ਅਮਨਪ੍ਰੀਤ ਸਿੰਘ ਫੁੱਟਬਾਲ ਵਿੰਗ ਪਾਲਦੀ ਵਿਖੇ ਖੇਡਦਾ ਹੈ। ਉਸਦਾ ਕਹਿਣ ਹੈ ਕਿ ਉਸਦੀ ਫੁੱਟਬਾਲ ਖੇਡ ਕਲਾ ਅਪਾਹਜਪੁਣੇ ਅਤੇ ਬੈਂਕਾਂ ਦੇ ਕਰਜੇ ਨੇ ਨਿਗਲ ਲਈ ਅਤੇ ਉਹ ਮਾਨਸਿਕ ਤੌਰ ਪ੍ਰੇਸ਼ਾਨ ਹੈ। ਸ਼ੂਗਰ ਅਤੇ ਪੇਟ ਦਰਦ ਨੇ ਉਸਨੂੰ ਕੱਖੋਂ ਹੋਲਾ ਕਰਕੇ ਰੱਖ ਦਿੱਤਾ ਹੈ।ਉਸਨੇ ਮੰਗ ਕੀਤੀ ਹੈ ਕਿ ਉਸਨੂੰ ਫੋਜ਼ ਵਲੋਂ ਪੂਰੀ ਨੋਕਰੀ ਦੀ ਤਨਖਾਹ, ਫੰਡ ਅਤੇ ਤਿੰਨੇ ਬੱਚਿਆਂ ਨੂੰ ਤੁਰੰਤ ਸਰਕਾਰੀ ਨੌਕਰੀ ਦਿੱਤੀ ਜਾਵੇ ਤਾਂ ਕਿ ਉਹ ਵੀ ਕਰਜ਼ ਤੋਂ ਮੁਕਤ ਹੋ ਕੇ ਸੁੱਖਮਈ ਜ਼ਿੰਦਗੀ ਜੀਓ ਸਕੇ।

## 24 ਸਤੰਬਰ ਤੇ ਫਤਿਹਜੰਗ ਸਿੰਘ ਦਾ ਵਿਸ਼ੇਸ਼ ਲੇਖ

# ਪੂਨਾ ਪੈਕਟ ਦੇ ਇਤਿਹਾਸਕ ਪਿਛੋਕੜ ਵਿਚ ਡਾ.ਅੰਬੇਦਕਰ ਦੀਆਂ ਕਾਮਯਾਬੀਆਂ ਅਤੇ ਮਜਬੂਰੀਆਂ



- ਫਤਿਹਜੰਗ ਸਿੰਘ

ਦਲਿਤ ਰਾਜਨੀਤੀ ਵਿਚ ਕਮਿਊਨਲ ਐਵਾਰਡ (ਸਮੂਦਾਈ ਫੈਸਲਾ) ਅਤੇ ਪੂਨਾ ਪੈਕਟ (ਪੂਨਾ ਸਮਝੌਤਾ) ਦੋ ਬੜੀਆਂ ਮਹੱਤਵਪੂਰਨ ਘਟਨਾਵਾਂ ਹਨ, ਜਿਹਨਾਂ ਨੂੰ ਸਮਝਣਾ ਦਲਿਤਾਂ ਲਈ ਬਹੁਤ ਜ਼ਰੂਰੀ ਹੈ। ਇਹਨਾਂ ਘਟਨਾਵਾਂ ਦੇ ਵਿਸ਼ਲੇਸ਼ਣ ਰਾਹੀਂ ਪਤਾ ਲੱਗਦਾ ਹੈ ਕਿ ਦਲਿਤਾਂ ਦੇ ਰਾਜਨੀਤਿਕ ਅਧਿਕਾਰ ਅਤੇ ਉਹਨਾਂ ਦੇ ਨਿਕਾਸ, ਵਿਕਾਸ ਅਤੇ ਵਿਨਾਸ਼ ਦੇ ਨੀਂਹ ਪੱਥਰ ਉਤੇ ਦਲਿਤਾਂ ਦੀ ਸਰਬਪੱਖੀ ਪ੍ਰਗਤੀ ਦੀ ਅਧੂਰੀ ਇਮਾਰਤ ਟਿਕੀ ਹੋਈ ਹੈ। ਇਸਨੂੰ ਮੁਕੰਮਲ ਕਰਨ ਲਈ ਇਸਦਾ ਭੇਦ ਵੀ ਇਸੇ ਵਿਚ ਹੀ ਛੁਪਿਆ ਹੋਇਆ ਹੈ। ਦਲਿਤ ਜਿਉਂ ਜਿਉਂ ਇਸ ਭੇਦ ਨੂੰ ਸਮਝਦੇ ਜਾਣਗੇ, ਤਿਉਂ ਤਿਉਂ ਆਪਣੀਆਂ ਮੂਲ ਸਮੱਸਿਆਵਾਂ ਅਤੇ ਉਹਨਾਂ ਦਾ ਹੱਲ ਸਮਝਣ ਦੇ ਕਾਬਲ ਵੀ ਹੁੰਦੇ ਜਾਣਗੇ। ਆਓ ਇਹਨਾਂ ਘਟਨਾਵਾਂ ਦਾ ਇਤਿਹਾਸਕ ਪਿਛੋਕੜ ਵੇਖੀਏ, ਜਿਸ ਤੋਂ ਇਹਨਾਂ ਦੀ ਉਤਪੱਤੀ ਸਮਝੀ ਜਾ ਸਕੇ।


ਦਲਿਤ ਅਤੇ ਦਲਿਤ ਰਾਜਨੀਤੀ ਅਸਲ ਵਿਚ ਬ੍ਰਾਹਮਣਵਾਦ ਵੱਲੋਂ ਪੈਦਾ ਕੀਤੇ ਦਲਿਤ ਦਾਸਤਾਂ ਰੂਪੀ ਦਰਿਆ ਦੇ ਦੋ ਕੰਢੇ ਰਹੇ ਹਨ ਜੋ ਆਪਸ ਵਿਚ ਕਦੇ ਨਹੀਂ ਸਨ ਮਿਲ ਸਕਦੇ। ਦਲਿਤ ਦੀ 'ਰਾਜਨੀਤੀ' ਤਾਂ ਬੱਸ ਉਸਦਾ ਸੇਵਾ ਕਰਨ ਦਾ 'ਅਧਿਕਾਰ' ਰਿਹਾ ਹੈ ਜੋ ਉਹ ਆਪਣੇ ਤਨ ਮਨ ਨਾਲ ਨਿਭਾਉਂਦਾ ਆ ਰਿਹਾ ਹੈ। ਰਾਜਨੀਤੀ ਦੇ ਖੰਭ ਬ੍ਰਾਹਮਣਵਾਦ ਦੀ ਸੋਚੀ ਸਮਝੀ ਸਾਜਿਸ਼ ਨੇ ਸਾਰੇ ਦੇ ਸਾਰੇ ਨੋਚ ਲਏ ਸਨ। ਇਸੇ ਤਰ੍ਹਾਂ ਦੀ ਗ਼ੁਲਾਮੀ ਤੇ ਲਾਚਾਰੀ ਭੋਗਦਿਆਂ ਜਦੋਂ ਦੇਸ਼ ਅੰਗਰੇਜ਼ਾਂ ਦਾ ਗ਼ੁਲਾਮ ਹੋਇਆ ਤਾਂ ਉਸਨੂੰ ਦੂਹਰੀ ਗ਼ੁਲਾਮੀ ਦਾ ਸ਼ਿਕਾਰ ਹੋਣਾ ਪਿਆ। ਇਕ ਅੰਗਰੇਜ਼ਾਂ ਦੀ ਤੇ ਦੂਜੀ ਕਾਲੇ ਅੰਗਰੇਜ਼ਾਂ ਦੀ। ਉਂਝ ਗੁਲਾਮੀ, ਗੁਲਾਮੀ ਹੁੰਦੀ ਹੈ, ਅਸੀਂ ਇਸਦੇ ਹੱਕ ਵਿਚ ਬਿਲਕੁਲ ਨਹੀਂ ਹਾਂ। ਪਰ ਜਿਵੇਂ ਹਰ ਵਰਤਾਰੇ ਦੇ ਦੋ ਪਹਿਲੂ ਹੁੰਦੇ ਹਨ- ਇਕ ਚੰਗਾ ਤੇ ਇਕ ਮਾੜਾ, ਉਵੇਂ ਅੰਗਰੇਜ਼ਾਂ ਦੀ ਗ਼ੁਲਾਮੀ ਦਲਿਤਾਂ ਲਈ ਇਕ ਚੰਗੀ ਸ਼ੁਰੂਆਤ ਲੈ ਕੇ ਵੀ ਆਈ। ਅੰਗਰੇਜ਼ਾਂ ਦੀ ਸਭਿਅਤਾ ਵਿਚ ਛੂਤਛਾਤ, ਜਾਤ ਪਾਤ, ਊਚ-ਨੀਚ ਨਹੀਂ ਸੀ। ਇਸ ਲਈ ਜਦੋਂ ਉਹਨਾਂ ਨੇ ਆਪਣੇ ਧਰਮ ਪ੍ਰਚਾਰ ਅਤੇ ਵਿੱਦਿਆ ਦੇ ਪਸਾਰ ਹਿੱਤ ਸਕੂਲ ਖੋਲ੍ਹਣੇ ਸ਼ੁਰੂ ਕੀਤੇ ਤਾਂ ਬਿਨਾਂ ਵਿਤਕਰੇ ਤੋਂ ਦਲਿਤਾਂ ਨੂੰ ਵੀ ਖੁੱਲ੍ਹ ਕੇ ਵਿੱਦਿਆ ਪ੍ਰਾਪਤੀ ਦਾ ਮੌਕਾ ਮਿਲਿਆ। ਵਿੱਦਿਆ ਜੋ ਇਨਸਾਨ ਦੀ ਪ੍ਰਗਤੀ ਦੀ ਪਹਿਲੀ ਪੌੜੀ ਹੈ, ਬ੍ਰਾਹਮਣ ਨੇ ਇਸਨੂੰ ਦਲਿਤਾਂ ਲਈ ਵਰਜਿਤ ਕੀਤਾ ਹੋਇਆ ਸੀ, ਜਿਸ ਕਾਰਨ ਉਹ ਸਦੀਆਂ ਤੋਂ ਪਸ਼ੂਆਂ ਵਾਲਾ ਜੀਵਨ ਹੰਢਾਉਂਦਾ ਆ ਰਿਹਾ ਸੀ। ਅਜੋਕੇ ਯੁੱਗ ਦੇ ਦਲਿਤ ਸਮਾਜ ਦੇ ਰਹਿਬਰ ਮਹਾਤਮਾ ਫੂਲੇ ਨੇ ਕਿਹਾ ਹੈ:

"ਵਿੱਦਿਆ ਬਿਨਾਂ ਮੱਤ ਗਈ, ਮਤ ਬਿਨਾਂ ਨੀਤੀ ਗਈ। ਨੀਤੀ ਬਿਨਾਂ ਗਤੀ ਗਈ, ਗਤੀ ਬਿਨਾਂ ਮਾਇਆ ਗਈ। ਮਾਇਆ ਬਿਨਾਂ ਸ਼ੂਦਰ ਗਏ।''

ਸ਼ੂਦਰਾਂ ਦੀ ਅਧੋਗਤੀ ਵਿੱਦਿਆ 'ਤੇ ਰੋਕ ਲਾਉਣ ਨਾਲ ਸ਼ੁਰੂ ਹੋਈ। ਅੰਗਰੇਜ਼ਾਂ ਦੇ ਆਉਣ ਨਾਲ ਵਿੱਦਿਆ ਦਾ ਰਾਹ ਖੁੱਲ੍ਹਿਆ ਤਾਂ ਦਲਿਤਾਂ ਨੇ ਵਿੱਦਿਆ ਪ੍ਰਾਪਤ ਕਰਨੀ ਸ਼ੁਰੂ ਕੀਤੀ, ਜਿਸ ਕਰਕੇ ਛੋਟੀ ਮੋਟੀ ਨੌਕਰੀਆਂ ਪ੍ਰਾਪਤ ਹੋਣੀਆਂ ਸ਼ੁਰੂ ਹੋਈਆਂ। ਫੌਜ ਦੀ ਨੌਕਰੀ ਇਹਨਾਂ ਵਿਚੋਂ ਮੁੱਖ ਸੀ। ਹਥਿਆਰ ਰੱਖਣੇ ਜਾਂ ਹਥਿਆਰ ਵਰਤਣੇ ਵੀ ਦਲਿਤਾਂ ਲਈ ਵਰਜਿਤ ਸਨ ਪਰ ਅੰਗਰੇਜ਼ਾਂ ਦੀ ਇਸ ਖੁੱਲ੍ਹ ਨੇ ਦਲਿਤਾਂ ਵਿਚ ਇਕ ਨਵਾਂ ਵਿਸ਼ਵਾਸ ਭਰਿਆ, ਇਸੇ ਵਿਚੋਂ ਹੀ ਦਲਿਤਾਂ ਵਿਚ ਰਾਜਨੀਤੀ ਨੇ ਅੰਗੜਾਈ ਲਈ। ਅੰਗਰੇਜ਼ਾਂ ਦੀ ਗ਼ੁਲਾਮੀ ਇਨਸਾਨੀਅਤ ਪੱਖੋਂ ਸਹੀ ਨਹੀਂ ਸੀ ਪਰ ਦੂਹਰੀ ਗ਼ੁਲਾਮੀ ਭੋਗ ਰਿਹਾ ਦਲਿਤ ਪਹਿਲਾਂ ਤੋਂ ਹੀ ਗਾਹੇ-ਬਗਾਹੇ ਬ੍ਰਾਹਮਣਵਾਦ ਦੀ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਲਈ ਸੰਘਰਸ਼ ਕਰਦਾ ਆ ਰਿਹਾ ਸੀ। ਬੁੱਧ, ਨਾਨਕ, ਨਾਮਦੇਵ, ਕਬੀਰ, ਰਵਿਦਾਸ, ਚੋਖਾਮੇਲਾ ਵਰਗੇ ਮਹਾਂਪੁਰਖਾਂ ਦੀਆਂ ਇਨਸਾਨ ਪੱਖੀ ਸਿੱਖਿਆਵਾਂ ਨੇ ਦਲਿਤਾਂ ਵਿਚ ਪਹਿਲਾਂ ਵੀ ਦਿਮਾਗੀ ਚੇਤਨਤਾ ਭਰਨ ਦਾ ਕੰਮ ਕੀਤਾ ਸੀ, ਭਾਵੇਂ ਇਹ ਸਾਰੇ ਦੇਸ਼ ਵਿਚ ਸਮੁੱਚੇ ਰੂਪ ਨਾਲ ਨਹੀਂ ਸੀ ਹੋਇਆ। ਉਨੀਵੀਂ ਅਤੇ ਵੀਹਵੀਂ ਸਦੀ ਵਿਚ ਵੀ ਪੈਰੀਆਰ, ਰਾਮਾਸੁਆਮੀ, ਨਾਇਕਰ, ਸ਼ਾਹੂ ਜੀ ਮਹਾਰਾਜ, ਮਹਾਤਮਾ ਫੂਲੇ ਨੇ ਇਸ ਲੁੱਟੇ ਪੁੱਟੇ ਸਮਾਜ ਲਈ ਵਿਸ਼ੇਸ਼ ਤੌਰ ਤੇ ਯਤਨ ਕੀਤੇ। ਇਹਨਾਂ ਸਾਰੇ ਯਤਨਾਂ ਨੂੰ ਯੋਜਨਾਬੱਧ ਕਰਕੇ ਸੰਯੁਕਤ ਰੂਪ ਵਿਚ ਸੰਗਠਿਤ ਕਰਕੇ ਡਾ. ਅੰਬੇਦਕਰ ਨੇ ਜੋ ਹਮਲਾ ਬੋਲਿਆ, ਉਹ ਲਾਜਵਾਬ ਸੀ। ਦੇਸ ਦੇਸਾਂਤਰਾਂ ਤੋਂ ਹਰ ਤਰ੍ਹਾਂ ਦੀ ਪੜ੍ਹਾਈ ਕਰਕੇ ਪੂਰੇ ਗਿਆਨ ਨਾਲ ਲੈਸ ਹੋ ਕੇ ਉਹ ਮੈਦਾਨ ਵਿਚ ਨਿੱਤਰੇ। ਸ਼ਾਹੂ ਜੀ ਮਹਾਰਾਜ ਨੇ ਬਕਾਇਦਾ ਇਕ ਭਰੀ ਸਭਾ ਵਿਚ 1925 ਵਿਚ ਐਲਾਨ ਕੀਤਾ ਕਿ "ਇਹਨਾਂ ਵਰਗਾਂ ਦੀ ਸਦੀਆਂ ਦੀ ਗ਼ੁਲਾਮੀ ਦੀਆਂ ਜੰਜੀਰਾਂ ਕੱਟਣ ਲਈ ਮੈਂ ਡਾ. ਅੰਬੇਦਕਰ ਨੂੰ ਤੁਹਾਨੂੰ ਸੌਂਪ ਰਿਹਾ ਹਾਂ। ਇਹਨਾਂ ਦਾ ਡੱਟ ਕੇ ਸਾਥ ਦਿਓ।''

ਇਹ ਉਹ ਸਮਾਂ ਚੱਲ ਰਿਹਾ ਸੀ, ਜਦੋਂ ਕਾਂਗਰਸ ਬਾਲ ਗੰਗਾਧਰ ਤਿਲਕ ਤੋਂ ਬਾਅਦ ਗਾਂਧੀ, ਨਹਿਰੂ ਅਤੇ ਪਟੇਲ ਦੀ ਅਗਵਾਈ ਵਿਚ ਅੰਗਰੇਜ਼ਾਂ ਤੋਂ ਰਾਜ ਸੰਭਾਲਣ ਦੀਆਂ ਤਿਆਰੀਆਂ ਵਿਚ ਸੀ। ਉਹਨਾਂ ਦੇ ਏਜੰਡੇ ਵਿਚ ਕਿਤੇ ਵੀ ਦਲਿਤਾਂ ਲਈ ਕੋਈ ਥਾਂ ਨਹੀਂ ਸੀ। ਗਾਂਧੀ ਇਹਨਾਂ ਦਾ ਅਖੌਤੀ ਸਰਪ੍ਰਸਤ ਜ਼ਰੂਰ ਅਖਵਾਉਂਦਾ ਸੀ। ਇਸੇ ਸਮੇਂ ਡਾ. ਅੰਬੇਦਕਰ ਦਲਿਤਾਂ ਦੇ ਅਧਿਕਾਰ ਪ੍ਰਾਪਤ ਕਰਨ ਲਈ ਸੰਘਰਸ਼ ਦੀਆਂ ਤਿਆਰੀਆਂ ਕਰ ਰਹੇ ਸਨ। ਇਸ ਸਮੇਂ ਅੰਗਰੇਜ਼ਾਂ ਨੇ ਅੰਦਰੂਨੀ ਤੌਰ ਤੇ ਮੰਨ ਲਿਆ ਸੀ ਕਿ ਭਾਰਤ ਛੱਡ ਕੇ ਜਾਣਾ ਹੀ ਪੈਣਾ ਹੈ, ਇਸ ਲਈ ਭਾਰਤੀਆਂ ਨੂੰ ਹੌਲੀ ਹੌਲੀ ਸਰਕਾਰ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਤਾਂ ਜੋ ਛੱਡਣ ਤੋਂ ਪਹਿਲਾਂ ਇਕ ਜ਼ਿੰਮੇਵਾਰ ਸਰਕਾਰ ਬਣਾਈ ਜਾ ਸਕੇ। ਇਸ ਵੇਲੇ ਲਾਰਡ ਕਰਜ਼ਨ ਦਾ ਰਾਜ ਸੀ ਜੋ ਸਖਤ ਮੰਨਿਆ ਜਾ ਰਿਹਾ ਸੀ। ਅੰਗਰੇਜ਼ਾਂ ਵਿਰੁੱਧ ਲੋਕਾਂ ਦਾ ਰੋਹ ਵਧਦਾ ਜਾ ਰਿਹਾ ਸੀ।

ਇਸ ਦਿਸ਼ਾ ਵਿਚ ਕੁਝ ਸੰਵਿਧਾਨਕ ਤਬਦੀਲੀਆਂ ਸੁਧਾਰ ਦੇ ਰੂਪ ਵਿਚ ਮੌਰਲੇ ਮਿੰਟੋ ਨੇ ਸੁਝਾਈਆਂ ਸਨ ਜੋ 'ਗੌਰਮਿੰਟ ਆਫ ਇੰਡੀਆ ਐਕਟ 1909 ਦਾ ਹਿੱਸਾ ਬਣ ਚੁੱਕੀਆਂ ਸਨ। ਇਸੇ ਅਧੀਨ ਹੀ ਪਹਿਲੀ ਵਾਰੀ ਇਕ ਭਾਰਤੀ ਸਤਵੇਂਦਰ-ਪਰਸੰਨਾ ਸਿਨਹਾ ਨੂੰ ਗਵਰਨਰ ਜਨਰਲ ਦੀ ਐਗਜ਼ੈਕਟਿਵ ਕੌਂਸਲ ਵਿਚ ਮੈਂਬਰ ਲਿਆ ਗਿਆ। ਪ੍ਰਾਂਤਾਂ ਵਿਚ ਵੀ ਇਸੇ ਤਰ੍ਹਾਂ ਨੁਮਾਇੰਦਗੀ ਦਿੱਤੀ ਗਈ। ਇਸ ਐਕਟ ਦੀ ਖਾਸ ਗੱਲ ਇਹ ਰਹੀ ਕਿ ਇਸਨੇ ਲੈਜਿਸਲੇਟਿਵ ਕੌਂਸਲ ਦੀ ਬਣਤਰ ਅਤੇ ਕੰਮ ਕਰਨ ਦੇ ਢੰਗ ਵਿਚ ਵੱਡੀਆਂ ਤਬਦੀਲੀਆਂ ਕਰਦਿਆਂ ਇਸਦੇ





ਮੈਂਬਰਾਂ ਦੀ ਗਿਣਤੀ 16 ਤੋਂ 60 ਕਰ ਦਿੱਤੀ, ਜਿਸ ਵਿਚ 28 ਮੈਂਬਰ ਸਰਕਾਰੀ ਸਨ। ਗਵਰਨਰ ਜਨਰਲ 3 ਮੈਂਬਰ ਕਿਸੇ ਵੀ ਸਮੁਦਾਇ ਦੇ ਨਾਮਜ਼ਦ ਕਰ ਸਕਦਾ ਸੀ, ਬਾਕੀ ਦੇ ਚੁਣ ਕੇ ਆਉਣੇ ਸਨ। ਪਹਿਲੀ ਵਾਰ ਮੁਸਲਮਾਨਾਂ ਦੀ ਮੰਗ ਸਵੀਕਾਰ ਕਰਦਿਆਂ ਕਮਿਊਨਲ (ਸਮੁਦਾਇ) ਪ੍ਰਤੀਨਿਧਤਾ ਦਾ ਨਿਯਮ ਮੁਢਲੇ ਤੌਰ ਤੇ ਮੰਨ ਲਿਆ ਗਿਆ, ਜਿਸ ਅਧੀਨ ਮੁਸਲਮਾਨਾਂ ਨੂੰ 1909 ਦੇ ਐਕਟ ਮੁਤਾਬਕ ਆਪਣਾ ਨੁਮਾਇੰਦਾ ਆਪ ਚੁਣਨ ਦਾ ਅਧਿਕਾਰ ਮਿਲ ਗਿਆ। ਇਥੋਂ ਹੀ ਦਲਿਤਾਂ ਲਈ ਵੀ ਕਮਿਊਨਲ ਐਵਾਰਡ ਦੀ ਨੀਂਹ ਰੱਖੀ ਗਈ।

1914 ਵਿਚ ਦੂਜਾ ਸੰਸਾਰ ਯੁੱਧ ਛਿੜ ਗਿਆ। ਭਾਰਤ ਵੱਲੋਂ ਬਰਤਾਨੀਆ ਹਾਊਸ ਆਫ ਕਾਮਨਜ਼ (ਸੰਸਦ) ਵਿਚ ਐਲਾਨ ਕੀਤਾ ਕਿ "ਬਰਤਾਨੀਆ ਸਰਕਾਰ ਨੇ ਪਾਲਸੀ ਬਣਾ ਲਈ ਹੈ ਕਿ ਪ੍ਰਸ਼ਾਸਨ ਦੇ ਹਰ ਖੇਤਰ ਵਿਚ ਭਾਰਤੀਆਂ ਦੀ ਸ਼ਮੂਲੀਅਤ ਹੋਰ ਵਧਾਈ ਜਾਵੇ ਤਾਂ ਜੋ ਇਕ ਜ਼ਿੰਮੇਵਾਰ ਸਰਕਾਰ ਦਾ ਨਿਰਮਾਣ ਕੀਤਾ ਜਾ ਸਕੇ।''

ਇਸ ਐਲਾਨ ਦੀ ਪ੍ਰਤੀਕਿਰਿਆ ਜਾਨਣ ਲਈ ਉਹ ਨਵੰਬਰ 1917 ਨੂੰ ਭਾਰਤ ਦੇ ਦੌਰੇ ਤੇ ਆਇਆ ਅਤੇ ਅਪ੍ਰੈਲ 1918 ਨੂੰ ਆਪਣੀ ਰਿਪੋਰਟ ਤਿਆਰ ਕੀਤੀ, ਜਿਸਨੂੰ 'ਮੌਂਟੇਗ ਚੈਮਸਫੋਰਡ ਰਿਪੋਰਟ' ਕਿਹਾ ਜਾਂਦਾ ਹੈ। ਇਹੀ ਰਿਪੋਰਟ "ਗੌਰਮਿੰਟ ਆਫ ਇੰਡੀਆ ਐਕਟ-1919' ਦਾ ਆਧਾਰ ਬਣੀ। ਇਹ ਐਕਟ 1921 ਦੇ ਸ਼ੁਰੂ ਵਿਚ ਲਾਗੂ ਕੀਤਾ ਗਿਆ। ਇਸ ਐਕਟ ਰਾਹੀਂ ਕੇਂਦਰ ਅਤੇ ਸੂਬਿਆਂ ਦੀਆਂ ਸਰਕਾਰਾਂ ਵਿਚਕਾਰ ਮਹਿਕਮਿਆਂ ਦੀ ਵੰਡ ਹੋਈ। ਕੇਂਦਰੀ ਲੈਜਿਸਲੇਚਰ ਦੇ ਦੋ ਸਦਨ ਹੋਂਦ ਵਿਚ ਆਏ। ਸੂਬਿਆਂ ਦਾ ਇਕਹਿਰਾ ਸਦਨ ਹੀ ਰੱਖਿਆ ਗਿਆ। ਸ਼ੁਰੂ ਵਿਚ ਬੰਗਾਲ, ਮਦਰਾਸ, ਯੂ.ਪੀ., ਬੰਬਈ, ਬਿਹਾਰ, ਉੜੀਸਾ, ਪੰਜਾਬ, ਸੀ.ਪੀ. ਅਤੇ ਆਸਾਮ ਦੇ ਸੂਬੇ ਬਣਾਏ ਗਏ, ਜਿਹਨਾਂ ਵਿਚ 1923 ਵਿਚ ਬਰਮਾ ਅਤੇ 1932 ਵਿਚ ਉਤਰ ਪੱਛਮੀ ਫਰੰਟੀਅਰ ਪ੍ਰਾਂਤ ਸ਼ਾਮਲ ਕੀਤੇ ਗਏ। ਇਹਨਾਂ ਪ੍ਰਾਂਤਾਂ ਦੇ 70 ਫੀਸਦੀ ਮੈਂਬਰ ਚੁਣ ਕੇ ਆਉਂਦੇ ਸਨ ਅਤੇ ਵੱਧ ਤੋਂ ਵੱਧ 20 ਪ੍ਰਤੀਸ਼ਤ ਮੈਂਬਰ ਨਾਮਜ਼ਦ ਕੀਤੇ ਜਾਂਦੇ ਸਨ। ਕੁਝ ਗਰੁੱਪ ਇਹੋ ਜਿਹੇ ਸਨ, ਜਿਹਨਾਂ ਨੂੰ ਸਿਰਫ ਆਪਣੀਆਂ ਹੀ ਵੋਟਾਂ ਰਾਹੀਂ ਆਪਣੇ ਨੁਮਾਇੰਦੇ ਚੁਣਨ ਦਾ ਅਧਿਕਾਰ ਦਿੱਤਾ ਗਿਆ। ਇਹਨਾਂ ਵਿਚ ਜ਼ਿਮੀਦਾਰ, ਚੈਂਬਰਸ ਆਫ ਕਾਮਰਸ, ਮੁਸਲਮਾਨ, ਯੂਨੀਵਰਸਿਟੀਆਂ, ਯੂਰਪੀਅਨ, ਐਂਗਲੋ ਇੰਡੀਅਨ, ਭਾਰਤੀ ਇਸਾਈ ਅਤੇ ਸਿੱਖ ਸ਼ਾਮਲ ਸਨ। ਇੱਥੋਂ ਕਮਿਊਨਲ ਐਵਾਰਡ ਹੋਰ ਪੱਕਾ ਹੁੰਦਾ ਹੈ। ਇਸ ਤਰ੍ਹਾਂ ਕੇਂਦਰ ਅਤੇ ਪ੍ਰਾਂਤਾਂ ਵਿਚ ਜ਼ਿੰਮੇਵਾਰ ਸਰਕਾਰਾਂ ਬਣਾਉਣ ਦੀ ਪ੍ਰਣਾਲੀ ਲਾਗੂ ਕੀਤੀ ਗਈ, ਜਿਸਨੂੰ 10 ਸਾਲਾਂ ਬਾਅਦ ਇਕ ਕਮਿਸ਼ਨ ਰਾਹੀਂ ਰਿਵਿਊ ਕਰਕੇ ਕਾਇਮ ਰੱਖਿਆ ਜਾ ਸਕਦਾ ਸੀ ਜਾਂ ਖਤਮ ਕੀਤਾ ਜਾ ਸਕਦਾ ਸੀ।

1919 ਦੇ ਸੁਧਾਰਾਂ ਨੇ ਭਾਰਤੀਆਂ ਦੀ ਕੌਮੀ ਭਾਵਨਾ ਦੀ ਸੰਤੁਸ਼ਟੀ ਨਹੀਂ ਕਰਵਾਈ। ਇਸ ਲਈ ਦਸ ਸਾਲਾਂ ਦੇ ਦਿੱਤੇ ਗਏ ਸਮੇਂ ਤੋਂ ਪਹਿਲਾਂ ਹੀ ਬਰਤਾਨੀਆ ਸਰਕਾਰ ਵੱਲੋਂ ਸਰ ਜੌਹਨ ਸਾਈਮਨ ਦੀ ਪ੍ਰਧਾਨਗੀ ਵਿਚ ਇਕ ਕਮਿਸ਼ਨ ਬਣਾਇਆ ਗਿਆ, ਜਿਸਨੇ ਇਹਨਾਂ 1919 ਦੇ ਸੁਧਾਰਾਂ ਦੀ ਰਿਪੋਰਟ ਤਿਆਰ ਕਰਨੀ ਸੀ। ਇਸਦੇ ਸਾਰੇ ਸੱਤ ਮੈਂਬਰ ਹੀ ਬ੍ਰਿਟਿਸ਼ ਸਨ। ਜਦੋਂ 3 ਫਰਵਰੀ 1928 ਨੂੰ ਸਾਈਮਨ ਕਮਿਸ਼ਨ ਬੰਬਈ ਉਤਰਿਆ ਤਾਂ ਕਾਂਗਰਸੀਆਂ ਅਤੇ ਮੁਸਲਮਾਨਾਂ ਦੇ ਕੁਝ ਹਿੱਸੇ ਨੇ ਇਸਦਾ ਬਾਈਕਾਟ ਕੀਤਾ। ਉਹਨਾਂ ਦਾ ਕਹਿਣਾ ਸੀ ਕਿ ਸਾਰੇ ਬਾਹਰਲੇ ਗ਼ੈਰ ਭਾਰਤੀ ਮੈਂਬਰ ਹੋਣ ਕਾਰਨ ਇਹ ਕਮਿਸ਼ਨ ਸਹੀ ਰਿਪੋਰਟ ਤਿਆਰ ਨਹੀਂ ਕਰ ਸਕੇਗਾ। ਸਾਈਮਨ ਕਮਿਸ਼ਨ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਰਮਜ਼ੇ ਮੈਕਡੋਨਾਲਡ ਨੂੰ ਪੱਤਰ ਲਿਖ ਕੇ ਸਾਰੀ ਸਥਿਤੀ ਤੋਂ ਜਾਣੂ ਕਰਵਾਇਆ ਅਤੇ ਸੁਝਾਓ ਦਿੱਤਾ ਕਿ ਕਮਿਸ਼ਨ ਦੀ ਰਿਪੋਰਟ ਛਪਣ ਤੋਂ ਬਾਅਦ ਮਾਮਲੇ ਨੂੰ ਸੁਲਝਾਉਣ ਦੇ ਲਈ ਬ੍ਰਿਟਿਸ਼ ਭਾਰਤ ਅਤੇ ਭਾਰਤੀ ਪ੍ਰਾਂਤਾਂ ਦੇ ਨੁਮਾਇੰਦਿਆਂ ਦੀ ਇਕ ਕਾਨਫਰੰਸ ਬੁਲਾਈ ਜਾਵੇ। ਡਾ. ਅੰਬੇਦਕਰ ਨੇ ਸਾਈਮਨ ਕਮਿਸ਼ਨ ਨੂੰ ਆਪਣੀਆਂ ਦਲੀਲਾਂ ਨਾਲ ਸਹਿਮਤ ਕਰ ਲਿਆ ਸੀ ਕਿ ਦਬੇ ਕੁਚਲੇ ਵਰਗਾਂ ਦੀ ਤਰਸਯੋਗ ਹਾਲਤ ਹੈ, ਜਿਸ ਲਈ ਅਲੱਗ ਤੋਂ ਵਿਸ਼ੇਸ਼ ਅਧਿਕਾਰਾਂ ਦੀ ਲੋੜ ਹੈ, ਇਸ ਲਈ ਇਹਨਾਂ ਨੂੰ ਧਿਰ ਮੰਨ ਕੇ ਇਹਨਾਂ ਦੀ ਗੱਲ ਵੀ ਸੁਣਨੀ ਚਾਹੀਦੀ ਹੈ। ਬ੍ਰਿਟਿਸ਼ ਕੈਬਨਿਟ ਵੱਲੋਂ ਕਾਨਫਰੰਸ ਬੁਲਾਉਣ ਦਾ ਸੁਝਾਅ ਮੰਨ ਲਿਆ ਗਿਆ ਅਤੇ ਗਵਰਨਰ ਜਨਰਲ ਲਾਰਡ ਇਰਵਿਨ ਨੇ 31 ਅਕਤੂਬਰ 1929 ਨੂੰ ਐਲਾਨ ਕੀਤਾ ਕਿ ਸਾਈਮਨ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਇਕ ਗੋਲਮੇਜ਼ ਕਾਨਫਰੰਸ ਬੁਲਾਈ ਜਾਵੇਗੀ। ਮਈ 1930 ਵਿਚ ਸਾਈਮਨ ਕਮਿਸ਼ਨ ਦੀ ਰਿਪੋਰਟ ਛਾਪੀ ਗਈ। ਇਸ ਰਿਪੋਰਟ ਦਾ ਵੀ ਵਿਰੋਧ ਹੋਣ 'ਤੇ ਬ੍ਰਿਟਿਸ਼ ਸਰਕਾਰ ਨੇ ਲੰਡਨ ਵਿਚ ਗੋਲਮੇਜ਼ ਕਾਨਫਰੰਸ ਸੱਦ ਲਈ, ਜਿਸਦਾ ਪਹਿਲਾ ਸਮਾਗਮ 12 ਨਵੰਬਰ 1930 ਤੋਂ 10 ਜਨਵਰੀ 1931 ਤੱਕ ਚੱਲਿਆ। ਇਸ ਵਿਚ 16 ਮੈਂਬਰ ਬ੍ਰਿਟਿਸ਼ ਦੀਆਂ ਤਿੰਨ ਰਾਜਨੀਤਿਕ ਪਾਰਟੀਆਂ ਦੇ, 16 ਡੈਲੀਗੇਟ ਭਾਰਤੀ ਪ੍ਰਾਂਤਾਂ ਦੇ, 57 ਡੈਲੀਗੇਟ ਬ੍ਰਿਟਿਸ਼ ਭਾਰਤ ਦੇ ਸਨ, ਜਿਹਨਾਂ ਵਿਚ ਸਰ ਤੇਜ ਬਹਾਦੁਰ ਸਪਰੂ, ਸ੍ਰੀ ਨਿਵਾਸ ਸ਼ਾਸਤਰੀ, ਸੀ. ਵਾਈ. ਚਿੰਤਾਮਣੀ, ਡਾ. ਬੀ. ਆਰ. ਅੰਬੇਦਕਰ, ਸਰ ਮੁਹੰਮਦ ਸ਼ਫੀ ਆਦਿ ਮਹੱਤਵਪੂਰਨ ਸ਼ਖਸੀਅਤਾਂ ਸ਼ਾਮਲ ਸਨ। ਇਸ ਸੈਸ਼ਨ ਵਿਚ ਗਾਂਧੀ ਜੀ ਸ਼ਾਮਲ ਨਹੀਂ ਸਨ। ਉਹ ਦੂਜੇ ਸਮਾਗਮ ਵਿਚ ਸ਼ਾਮਲ ਹੋਏ। ਇਹਨਾਂ ਮੈਂਬਰਾਂ ਨੇ ਭਾਰਤੀ ਸੰਵਿਧਾਨ ਦ ਸਵਾਲ ਤੇ ਵਿਚਾਰ ਚਰਚਾ ਕਰਨੀ ਸੀ। ਦੂਜਾ ਸਮਾਗਮ 7 ਸਤੰਬਰ ਤੋਂ 1 ਦਸੰਬਰ 1931 ਤੱਕ ਚੱਲਿਆ, ਜਿਸ ਵਿਚ ਕਾਂਗਰਸ ਦਾ ਇਕੋ ਇਕ ਨੁਮਾਇੰਦਾ ਗਾਂਧੀ ਹਾਜ਼ਰ ਸੀ। ਉਹ ਵੀ ਜੋ ਚਾਹੁੰਦਾ ਸੀ, ਉਸ ਵੇਲੇ ਪ੍ਰਾਪਤ ਨਹੀਂ ਕਰ ਸਕਿਆ। ਤੀਜਾ ਸਮਾਗਮ 17 ਨਵੰਬਰ ਤੋਂ 24 ਦਸੰਬਰ 1932 ਤੱਕ ਚੱਲਿਆ। ਇਹਨਾਂ ਸਮਾਗਮਾਂ ਦੇ ਆਧਾਰ 'ਤੇ ਇਕ ਰਿਪੋਰਟ 'ਵਾਈਟ ਪੇਪਰ' ਮਾਰਚ 1933 ਵਿਚ ਛਾਪੀ। ਭਾਰਤ ਦੇ ਵਾਇਸਰਾਏ ਲਾਰਡ ਲਿਲਿੰਨਥਗੋ ਦੀ ਪ੍ਰਧਾਨਗੀ ਹੇਠ ਦੋਹਾਂ ਸਦਨਾਂ ਦੀ ਸਾਂਝੀ ਕਮੇਟੀ ਵਿਚ ਇਹ ਰਿਪੋਰਟ ਵਿਚਾਰੀ ਗਈ। ਪਾਸ ਕੀਤੀਆਂ ਮਦਾਂ/ਯੋਜਨਾਵਾਂ ਹੀ ਬਾਅਦ ਵਿਚ ਗੌਰਮਿੰਟ ਆਫ ਇੰਡੀਆ ਐਕਟ-1935 ਵਿਚ ਦਰਜ ਕਰਕੇ ਪਾਸ ਕਰ ਦਿੱਤਾ ਗਿਆ ਸੀ।

ਪਾਸ ਕੀਤੇ ਐਕਟ ਅਨੁਸਾਰ ਦੋ ਸਿਧਾਂਤ ਅਪਨਾਏ ਗਏ। ਇਕ ਸਰਬ ਭਾਰਤੀ ਫੈਡਰੇਸ਼ਨ ਕੇਂਦਰ ਵਿਚ ਬਣਾਈ ਗਈ ਤੇ ਦੂਜਾ ਆਜ਼ਾਦ ਰਿਆਸਤਾਂ ਬਣਾਈਆਂ ਗਈਆਂ। ਰਿਆਸਤਾਂ ਦਾ ਫੈਡਰੇਸ਼ਨ ਵਿਚ ਸ਼ਾਮਲ ਹੋਣਾ ਉਹਨਾਂ ਦੀ ਮਰਜ਼ੀ ਤੇ ਨਿਰਭਰ ਕਰਦਾ ਸੀ, ਉਸਨੂੰ ਮਜ਼ਬੂਰ ਨਹੀਂ ਸੀ ਕੀਤਾ ਜਾ ਸਕਦਾ। ਸ਼ਾਮਲ ਹੋਣ ਲਈ ਰਿਆਸਤ ਦੇ ਰਾਜੇ ਦਾ ਲਿਖਤੀ ਸਮਝੌਤਾ ਹੋਣਾ ਯਕੀਨੀ ਬਣਾਇਆ ਗਿਆ। ਫੈਡਰਲ ਲੈਜੀਸਲੇਚਰ (ਕੇਂਦਰ) ਦੇ ਦੋ ਸਦਨ ਬਣਾਏ ਗਏ 'ਹੇਠਲਾ ਸਦਨ' ਅਤੇ 'ਉਪਰਲਾ ਸਦਨ'। ਹੇਠਲੇ ਸਦਨ ਦੇ 250 ਨੁਮਾਇੰਦੇ ਬ੍ਰਿਟਿਸ਼ ਭਾਰਤ ਦੇ ਅਤੇ ਵੱਧ ਤੋਂ ਵੱਧ 125 ਭਾਰਤੀ ਰਿਆਸਤਾਂ ਦੇ ਨਿਸ਼ਚਿਤ ਕੀਤੇ ਗਏ। ਫੈਡਰਲ ਅਸੈਂਬਲੀ ਦੇ ਮੈਂਬਰ ਪ੍ਰਾਂਤਾਂ ਦੀ ਅਸੈਂਬਲੀਆਂ ਰਾਹੀਂ ਚੁਣੇ ਜਾਂਦੇ ਸਨ। ਇਸ ਅਸਿੱਧੀ ਚੋਣ ਵਿਚ ਪ੍ਰਾਂਤਾਂ ਦੀ ਅਸੈਂਬਲੀਆਂ ਵਿਚ ਨਿਰਧਾਰਿਤ ਸੀਟਾਂ 'ਤੇ ਜਨਰਲ (ਹਿੰਦੂ), ਮੁਸਲਮਾਨ ਅਤੇ ਸਿੱਖ ਆਪਣੀਆਂ ਵੱਖਰੀਆਂ ਵੋਟਾਂ ਰਾਹੀਂ ਵੱਖਰੇ ਨੁਮਾਇੰਦੇ ਚੁਣਦੇ ਸਨ।

ਇਸੇ ਤਰ੍ਹਾਂ ਉਪਰਲੇ ਸਦਨ ਵਿਚ 156 ਮੈਂਬਰ ਬ੍ਰਿਟਿਸ਼ ਭਾਰਤ ਵੱਲੋਂ ਅਤੇ ਵੱਧ ਤੋਂ ਵੱਧ 104 ਫੈਡਰਲ ਪ੍ਰਾਂਤਾਂ ਦੇ ਰਾਜਿਆਂ ਵੱਲੋਂ ਨਾਮਜ਼ਦ ਕੀਤੇ ਜਾਂਦੇ ਸਨ। ਗਵਰਨਰ ਜਨਰਲ ਵੱਲੋਂ ਸਮਤੋਲ ਕਾਇਮ ਰੱਖਣ ਲਈ 6 ਮੈਂਬਰ ਘੱਟ ਗਿਣਤੀਆਂ, ਡਿਪਰੈਸਡ ਕਲਾਸਾਂ ਅਤੇ ਔਰਤਾਂ ਵਿਚੋਂ ਨਾਮਜ਼ਦ ਕੀਤੇ ਜਾਂਦੇ ਸਨ। ਬਰ੍ਹਮਾਂ ਨੂੰ ਬ੍ਰਿਟਿਸ਼ ਭਾਰਤ ਤੋਂ ਅਲੱਗ ਕਰ ਦਿੱਤਾ ਗਿਆ। ਸਿੰਧ ਦਾ ਨਵਾਂ ਸੂਬਾ ਬਣਾਇਆ ਗਿਆ ਅਤੇ ਉੜੀਸਾ ਨੂੰ ਪੁਨਰਗਠਿਤ ਕੀਤਾ ਗਿਆ। ਪ੍ਰਾਂਤਾਂ ਦੀਆਂ ਲੈਜਿਸਲੇਟਿਵ ਅਸੈਂਬਲੀਆਂ ਦੇ ਮੈਂਬਰਾਂ ਦੀ ਗਿਣਤੀ 50 ਤੋਂ 250 ਵਿਚਕਾਰ ਸੀ ਜੋ ਸਾਰੇ ਦੇ ਸਾਰੇ ਚੁਣੇ ਜਾਂਦੇ ਸਨ।

### ਕਮਿਊਨਲ ਐਵਾਰਡ ਦਾ ਐਲਾਨ

ਗੌਰਮਿੰਟ ਆਫ ਇੰਡੀਆ ਐਕਟ-1935 ਬਣਨ ਤੋਂ ਪਹਿਲਾਂ ਜਦੋਂ 4 ਅਗਸਤ 1932 (ਕਾਂਸ਼ੀ ਰਾਮ ਜੀ ਅਨੁਸਾਰ 17 ਅਗਸਤ 1932) ਨੂੰ ਕਮਿਊਨਲ ਐਵਾਰਡ ਦਾ ਐਲਾਨ ਕੀਤਾ ਗਿਆ ਜੋ ਕਿ ਦਲਿਤਾਂ ਪ੍ਰਤੀ ਡਾ. ਅੰਬੇਦਕਰ ਦੇ ਸੰਘਰਸ਼ ਦਾ ਨਤੀਜਾ ਸੀ, ਤਾਂ ਮਹਾਤਮਾ ਗਾਂਧੀ ਨੂੰ ਇਹ ਪਚਿਆ ਨਹੀਂ। ਉਹ ਨਹੀਂ ਸਨ ਚਾਹੁੰਦੇ ਕਿ ਦਲਿਤਾਂ ਨੂੰ ਕੋਈ ਵਿਸ਼ੇਸ਼ ਅਧਿਕਾਰ ਦਿੱਤੇ ਜਾਣ, ਇਸ ਲਈ ਉਹਨਾਂ ਨੇ ਇਸਦੇ ਵਿਰੋਧ ਵਿਚ ਮਰਨ ਵਰਤ ਰੱਖ ਦਿੱਤਾ। ਕੁਝ ਦਿਨਾਂ ਦੀ ਜੱਦੋ ਜਹਿਦ ਉਪਰੰਤ ਮਜਬੂਰੀ ਵੱਸ ਡਾ. ਅੰਬੇਦਕਰ ਨੂੰ ਪੂਨਾ ਸਮਝੌਤਾ ਕਰਨਾ ਪਿਆ। ਸਮਝੌਤੇ ਤੋਂ ਬਾਅਦ ਉਹ ਠੱਗਿਆ ਠੱਗਿਆ ਮਹਿਸੂਸ ਕਰਨ ਲੱਗ ਪਏ ਕਿਉਂਕਿ ਜੋ ਦਲਿਤਾਂ ਲਈ ਰਾਜਨੀਤਿਕ ਅਧਿਕਾਰ ਉਹਨਾਂ ਨੇ ਇਕ ਲੰਮੇ ਸੰਘਰਸ਼ ਨਾਲ ਲੰਡਨ ਵਿਚ ਹੋਈਆਂ ਗੋਲਮੇਜ਼ ਕਾਨਫਰੰਸਾਂ ਵਿਚ ਜੱਦੋ ਜਹਿਦ ਕਰਕੇ ਕਮਿਊਨਲ ਐਵਾਰਡ ਦੇ ਰੂਪ ਵਿਚ ਪ੍ਰਾਪਤ ਕੀਤੇ ਸਨ, ਉਹ ਪੂਨਾ ਪੈਕਟ ਵਿਚ ਗੁਆਉਣੇ ਪਏ। ਉਹਨਾਂ ਨੇ ਕਿਹਾ, "ਕਾਂਗਰਸ ਨੇ ਪੂਨਾ ਪੈਕਟ ਦਾ ਸਾਰਾ ਰਸ ਚੂਸ ਕੇ ਫੋਕਟ ਅਛੂਤਾਂ ਦੇ ਮੂੰਹ ਤੇ ਦੇ ਮਾਰਿਆ।'' ਇਸਦਾ ਭਾਵ ਇਹ ਹੋਇਆ ਕਿ ਪੂਨਾ ਪੈਕਟ ਵਿਚ ਦਲਿਤਾਂ ਲਈ ਕੁਝ ਨਹੀਂ ਸੀ ਬਚਿਆ। ਕਾਂਸ਼ੀ ਰਾਮ ਜੀ ਨੇ ਤਾਂ ਪੂਨਾ ਪੈਕਟ ਤੋਂ ਬਾਅਦ ਦੇ ਸ਼ੁਰੂ ਹੋਏ ਸਮੇਂ ਨੂੰ ਚਮਚਾਯੁੱਗ ਦਾ ਨਾਂ ਦਿੱਤਾ ਹੈ ਜੋ ਬਿਲਕੁਲ ਠੀਕ ਜਾਪਦਾ ਹੈ, ਕਿਉਂਕਿ ਇਸ ਸਮੇਂ ਵਿਚ ਦਲਿਤ ਆਗੂ ਪਹਿਲਾਂ ਦੀ ਤਰ੍ਹਾਂ ਹੀ ਉੱਚ ਜਾਤੀ ਵਾਲਿਆਂ ਦੀਆਂ ਖੁਸ਼ਾਮਦਾਂ ਵਿਚ ਲੱਗੇ ਰਹੇ ਜਿਸ ਕਰਕੇ ਜੋ ਉਨਤੀ ਇਸ ਵਰਗ ਦੀ ਹੋਣੀ ਚਾਹੀਦੀ ਸੀ, ਉਹ ਨਹੀਂ ਹੋ ਸਕੀ। ਉਹਨਾਂ ਨੇ ਚਮਚਾਗਿਰੀ ਕਰਕੇ ਆਪਣੇ ਨਿੱਜੀ ਲਾਭ ਤਾਂ ਪ੍ਰਾਪਤ ਕਰ ਲਏ ਪਰ ਸਮਾਜ ਪੱਛੜਦਾ ਹੀ ਗਿਆ। ਅੱਜ ਵੀ ਇਸ ਸਮਾਜ ਦੇ 80-90 ਫੀਸਦੀ ਲੋਕ ਗਰੀਬੀ ਤੇ ਲਾਚਾਰੀ ਵਾਲੀ ਜ਼ਿੰਦਗੀ ਬਤੀਤ ਕਰਦੇ ਵੇਖੇ ਜਾ ਸਕਦੇ ਹਨ।

ਅਸਲ ਵਿਚ 1919 ਵਿਚ ਕਾਂਗਰਸ ਦੀ ਵਾਗਡੋਰ ਜਦੋਂ ਗਾਂਧੀ ਦੇ ਹੱਥ ਆਈ ਤਾਂ ਇਹ ਪਾਰਟੀ ਜੋ ਪਹਿਲਾਂ ਬ੍ਰਾਹਮਣ ਦੇ ਕਬਜ਼ੇ ਵਿਚ ਸੀ, ਫਿਰ ਬ੍ਰਾਹਮਣ ਤੇ ਬਾਣੀਆ ਗੱਠਜੋੜ ਬਣ ਗਿਆ ਤਾਂ ਉਸਦੇ ਅਧੀਨ ਆ ਗਈ ਸੀ। ਬਾਣੀਏ ਦਾ ਪੈਸਾ ਸਿਆਸਤ ਵਿਚ ਲੱਗਣਾ ਸ਼ੁਰੂ ਹੋ ਗਿਆ ਸੀ। ਇਸੇ ਸਮੇਂ ਡਾ. ਅੰਬੇਦਕਰ ਨੇ ਵੀ ਆਪਣਾ ਸੰਘਰਸ਼ ਆਰੰਭਿਆ। ਉਹਨਾਂ ਨੇ ਡੀਪਰੈਸਡ ਕਲਾਸਿਜ਼ ਸੰਸਥਾ ਰਾਹੀਂ ਘੋਲ ਲਈ ਆਪਣਾ ਬਿਗਲ ਵਜਾ ਦਿੱਤਾ ਤੇ ਕਈ ਪ੍ਰਾਪਤੀਆਂ ਹਾਸਲ ਕੀਤੀਆਂ, ਜਿਸ ਕਰਕੇ ਉਹ ਜਲਦੀ ਹੀ ਅਛੂਤਾਂ ਦੇ ਸਰਬ ਪ੍ਰਵਾਨਿਤ ਆਗੂ ਹੋ ਨਿਬੜੇ। ਉਹਨਾਂ ਨੇ ਲੰਡਨ ਵਿਚ ਹੋਈਆਂ ਗੋਲਮੇਜ਼ ਕਾਨਫਰੰਸਾਂ ਵਿਚ ਇਹਨਾਂ ਵਰਗਾਂ ਦੇ ਹਿੱਤ ਖਾਤਰ ਲੰਮੀ ਲੜਾਈ ਲੜੀ। ਡਾ. ਅੰਬੇਦਕਰ ਨੇ ਗੋਲਮੇਜ਼ ਕਾਨਫਰੰਸਾਂ ਵਿਚ ਦੋ ਮਹੱਤਵਪੂਰਨ ਯਾਦਪੱਤਰ ਪੇਸ਼ ਕੀਤੇ। ਪਹਿਲਾ 12 ਨਵੰਬਰ 1930 ਨੂੰ ਅਤੇ ਦੂਜਾ ਇਸਦੇ ਹੀ ਅਨੁਪੂਰਕ ਦੇ ਤੌਰ ਤੇ 4 ਨਵੰਬਰ

(ਬਾਕੀ ਅਗਲੇ ਸਫੇ ਤੇ)

# ਪੂਨਾ ਪੈਕਟ ਦੇ ਇਤਿਹਾਸਕ ਪਿਛੋਕੜ ਵਿਚ ਡਾ.ਅੰਬੇਦਕਰ ਦੀਆਂ ਕਾਮਯਾਬੀਆਂ ਅਤੇ ਮਜਬੂਰੀਆਂ

1931 ਨੂੰ ਪੇਸ਼ ਕੀਤਾ। ਪਹਿਲੇ ਯਾਦਪੱਤਰ ਦੀਆਂ 8 ਮੰਗਾਂ ਸਨ, ਜਿਹਨਾਂ ਨੂੰ ਵਾਚਣ ਤੇ ਪਤਾ ਲੱਗਦਾ ਹੈ ਕਿ ਕਿੰਨੀ ਗੰਭੀਰਤਾ ਨਾਲ ਉਹਨਾਂ ਨੇ ਅਛੂਤਾਂ ਦੇ ਹਿੱਤਾਂ ਲਈ ਲੜਾਈ ਲੜੀ। ਮੰਗਾਂ ਇਸ ਤਰ੍ਹਾਂ ਸਨ:-

1. ਰੀਪਰੈਸਡ ਕਲਾਸਾਂ ਨੂੰ ਬਰਾਬਰ ਦੇ ਸ਼ਹਿਰੀ ਮੰਨਦੇ ਹੋਏ ਛੂਤਛਾਤ ਦਾ ਖ਼ਾਤਮਾ ਕਰਕੇ ਕਾਨੂੰਨ ਦੀਆਂ ਨਜ਼ਰਾਂ ਵਿਚ ਸਭ ਨੂੰ ਬਰਾਬਰ ਮੰਨਿਆ ਜਾਵੇ।

2. ਬਰਾਬਰਤਾ ਦਾ ਅਧਿਕਾਰ ਲਾਗੂ ਕਰਨ ਲਈ ਹੇਠ ਲਿਖੀਆਂ ਸਜਾਵਾਂ ਲਾਗੂ ਕੀਤੀਆਂ ਜਾਣ ਅਤੇ ਗੌਰਮਿੰਟ ਆਫ ਇੰਡੀਆ ਐਕਟ ਵਿਚ ਸ਼ਾਮਲ ਕੀਤੀਆਂ ਜਾਣ।

ੳ. ਬਰਾਬਰ ਦਾ ਸ਼ਹਿਰੀ ਨਾ ਮੰਨਣ ਦੀ ਸੂਰਤ ਵਿਚ ਅਪਰਾਧੀ ਨੂੰ ਘੱਟੋ ਘੱਟ 5 ਸਾਲ ਦੀ ਕੈਦ ਅਤੇ ਜੁਰਮਾਨਾ ਕੀਤਾ ਜਾਵੇ।

ਅ. ਡੀਪਰੈਸਡ ਕਲਾਸਿਜ਼ ਦਾ ਸਮਾਜਿਕ ਬਾਈਕਾਟ ਕਰਨ ਵਾਲੇ ਨੂੰ ਘੱਟੋ ਘੱਟ 7 ਸਾਲ ਕੈਦ ਅਤੇ ਭਾਰੀ ਜੁਰਮਾਨਾ ਕੀਤਾ ਜਾਵੇ।

ੲ. ਸਮਾਜਿਕ ਬਾਈਕਾਟ ਕਿਸੇ ਵੀ ਰੂਪ ਵਿਚ ਉਤਸ਼ਾਹਿਤ ਕਰਨ ਵਾਲੇ ਨੂੰ ਵੀ ਘੱਟੋ ਘੱਟ 5 ਸਾਲ ਕੈਦ ਅਤੇ ਭਾਰੀ ਜੁ-ਰਮਾਨਾ ਹੋਵੇ।

ਸ. ਬਾਈਕਾਟ ਕਰਨ ਦੀ ਧਮਕੀ ਦੇਣ ਵਾਲੇ ਨੂੰ ਵੀ ਘੱਟੋ ਘੱਟ 5 ਸਾਲ ਕੈਦ ਅਤੇ ਜੁਰਮਾਨਾ ਹੋਵੇ।

3. ਡੀਪਰੈਸਡ ਕਲਾਸਾਂ ਪ੍ਰਤੀ ਜਾਤੀ ਭੇਦਭਾਵ ਰੱਖਣ ਵਿਰੁੱਧ ਇਹਨਾਂ ਦੀ ਰੱਖਿਆ ਯਕੀਨੀ ਬਣਾਈ ਜਾਵੇ, ਤਾਂ ਜੋ ਇਹਨਾਂ ਵਿਰੁੱਧ ਕਿਸੇ ਕਿਸਮ ਦਾ ਕਾਨੂੰਨ, ਹੁਕਮ ਜਾਂ ਕੋਈ ਹੋਰ ਢੰਗ ਤਰੀਕਾ ਨਾ ਅਪਣਾਇਆ ਜਾ ਸਕੇ।

4. ਕਾਨੂੰਨ ਬਣਾਉਣ (ਲੈਜਿਸਲੇਚਰ) ਅਤੇ ਕਾਨੂੰਨ ਲਾਗੂ ਕਰਨ (ਐਗਜੈਕਟਿਵ) ਵਿਚ ਇਹਨਾਂ ਨੂੰ ਯੋਗ ਨੁਮਾਇੰਦਗੀ ਦਿੱਤੀ ਜਾਵੇ ਤਾਂ ਜੋ ਇਹ ਆਪਣੇ ਹਿੱਤਾਂ ਖਾਤਰ ਆਪ ਕੰਮ ਕਰ ਸਕਣ। ਇਸ ਵਿਚ ਮਹੱਤਵਪੂਰਨ ਗੱਲ ਇਹ ਸੀ ਕਿ ਡੀਪਰੈਸਡ ਕਲਾਸਾਂ ਨੂੰ ਕੇਂਦਰੀ ਅਤੇ ਸੂਬਾ ਅਸੈਂਬਲੀਆਂ ਵਿਚ ਆਪਣੇ ਨੁਮਾਇੰਦੇ ਆਪਣੀਆਂ ਵੋਟਾਂ ਰਾਹੀਂ ਚੁਣਨ ਦਾ ਅਧਿਕਾਰ ਦਿੱਤਾ ਜਾਵੇ। ਪਹਿਲੇ ਦਸ ਸਾਲ ਲਈ ਅਲੱਗ ਚੋਣ ਖੇਤਰ ਦਾ ਅਧਿਕਾਰ ਦਿੱਤਾ ਜਾਵੇ ਅਤੇ ਫਿਰ ਰਾਖਵੀਂਆਂ ਸੀਟਾਂ 'ਤੇ ਸਾਂਝੇ ਚੋਣ ਖੇਤਰ ਦਾ ਅਧਿਕਾਰ ਦਿੱਤਾ ਜਾਵੇ।

5. ਨੌਕਰੀਆਂ ਵਿਚ ਸਹੀ ਨੁਮਾਇੰਦਗੀ ਲਈ ਕੇਂਦਰ ਅਤੇ ਸੂਬਿਆਂ ਵਿਚ ਭਰਤੀ ਲਈ ਲੋਕ ਸੇਵਾ ਕਮਿਸ਼ਨ ਬਣਾਇਆ ਜਾਵੇ ਜੋ ਇਹਨਾਂ ਦੀ ਨੁਮਾਇੰਦਗੀ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਵੇ।

6. ਕਿਉਂਕਿ ਆਉਣ ਵਾਲੇ ਸਮੇਂ ਵਿਚ ਜਾਪਦਾ

(ਬਾਕੀ ਅਗਲੇ ਸਫੇ ਤੇ)

ਹੈ ਕਿ ਦਕਿਆਨੂਸੀ ਲੋਕਾਂ ਦਾ ਰਾਜ ਰਹੇਗਾ, ਇਸ ਲਈ ਡੀਪਰੈਸਡ ਕਲਾਸਾਂ ਦੇ ਹਿੱਤ ਮਹਿਫ਼ੂਜ਼ ਰਹਿਣ ਦਾ ਖ਼ਤਰਾ ਹੈ। ਇਸ ਲਈ ਡੀਪਰੈਸਡ ਕਲਾਸਾਂ ਨੂੰ ਅਜਿਹੀ ਸੂਰਤ ਵਿਚ ਆਪਣੇ ਅਧਿਕਾਰ ਹਾਸਲ ਕਰਨ ਦਾ ਹੱਕ ਹੋਵੇ।

7. ਦੱਬੇ ਕੁਚਲੇ ਇਹਨਾਂ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਇਕ ਵੱਖਰਾ ਮਹਿਕਮਾ ਵੱਖਰੀ ਮਨਿਸਟਰੀ ਵਾਲਾ ਹੋਵੇ, ਜਿਸ ਕੋਲ ਇਹਨਾਂ ਵਰਗਾਂ ਦੀ ਭਲਾਈ ਲਈ ਸ਼ਕਤੀਆਂ ਹੋਣ।

8. ਸਰਕਾਰ ਦੀ ਪਾਲਸੀ ਨਿਰਧਾਰਿਤ ਕਰਨ ਲਈ ਇਹ ਜ਼ਰੂਰੀ ਹੈ ਕਿ ਕੈਬਨਿਟ ਵਿਚ ਵੀ ਡੀਪਰੈਸਡ ਕਲਾਸਾਂ ਦੀ ਯੋਗ ਨੁਮਾਇੰਦਗੀ ਹੋਵੇ।

ਇਸੇ ਤਰ੍ਹਾਂ ਇਸ ਯਾਦ ਪੱਤਰ ਵਿਚ ਕੁਝ ਹੋਰ ਸ਼ਾਮਲ ਕਰਨ ਲਈ ਡਾ. ਅੰਬੇਦਕਰ ਨੇ 4 ਨਵੰਬਰ 1931 ਨੂੰ ਦੂਜਾ ਮੈਮੋਰੰਡਮ ਪਹਿਲੇ ਦੇ ਪੂਰਕ ਦੇ ਤੌਰ 'ਤੇ ਪੇਸ਼ ਕੀਤਾ। ਪਹਿਲੇ ਮੈਮੋਰੰਡਮ ਵਿਚ ਜੋ ਡੀਪਰੈਸਡ ਕਲਾਸਾਂ ਦੀ ਨੁਮਾਇੰਦਗੀ ਦੀ ਗੱਲ ਕੀਤੀ ਗਈ ਸੀ ਉਹ ਸਾਈਮਨ ਕਮਿਸ਼ਨ ਅਤੇ ਇੰਡੀਅਨ ਸੈਂਟਰਲ ਕਮੇਟੀ ਵੱਲੋਂ ਡੀਪਰੈਸਡ ਕਲਾਸਾਂ ਦੀ ਆਬਾਦੀ ਦੇ ਜੋ ਅੰਕੜੇ ਦਿੱਤੇ ਗਏ ਸਨ, ਉਹ ਆਧਾਰ 'ਤੇ ਹੀ ਬੰਗਾਲ, ਕੇਂਦਰੀ ਪ੍ਰਾਂਤ, ਅਸਾਮ, ਬਿਹਾਰ, ਉੜੀਸਾ, ਪੰਜਾਬ ਅਤੇ ਯੂਨਾਈਟਿਡ ਪ੍ਰਾਂਤਾਂ ਵਿਚ ਨੁਮਾਇੰਦਗੀ ਦਿੱਤੀ ਜਾਵੇ। ਮਦਰਾਸ ਵਿਚ 22 ਫੀਸਦੀ ਅਤੇ ਬੰਬਈ ਵਿਚ 16 ਫੀਸਦੀ ਦਿੱਤੀ ਜਾਵੇ। ਇਸੇ ਤਰ੍ਹਾਂ ਕੇਂਦਰੀ ਫੈਡਰਲ ਲੈਜੀਸਲੇਚਰ ਵਿਚ ਡੀਪਰੈਸਡ ਕਲਾਸਾਂ ਦੀ ਕੁੱਲ ਆਬਾਦੀ ਦੇ ਆਧਾਰ ਤੇ ਨੁਮਾਇੰਦਗੀ ਦਿੱਤੀ ਜਾਵੇ। ਇਹ ਮੈਂਬਰ ਅਲੱਗ ਚੋਣ ਖੇਤਰਾਂ ਰਾਹੀਂ ਚੁਣੇ ਜਾਣਗੇ।

ਡੀਪਰੈਸਡ ਕਲਾਸਾਂ ਦੀ ਕੋਈ ਸੰਪੂਰਨ ਵਿਆਖਿਆ ਨਾ ਹੋਣ ਕਰਕੇ ਇਸਦਾ ਗਲਤ ਇਸਤੇਮਾਲ ਹੁੰਦਾ ਰਿਹਾ ਹੈ। ਇਸ ਲਈ ਚੋਣਾਂ ਵਾਸਤੇ ਤਿਆਰ ਕੀਤੇ ਸ਼ਡਿਊਲ ਵਿਚ ਅਜਿਹੀਆਂ ਸਮੁਦਾਵਾਂ ਹੀ ਸ਼ਾਮਲ ਕੀਤੀਆਂ ਜਾਣ, ਜਿਹਨਾਂ ਨਾਲ ਛੂਤਛਾਤ ਅਤੇ ਭੇਦਭਾਵ ਵਾਲਾ ਵਖਰੇਵਾਂ ਹੁੰਦਾ ਆ ਰਿਹਾ ਹੈ। ਇਹਨਾਂ ਦੇ ਨਾਂ ਹੀ ਮੈਂਬਰੀ ਲਈ ਵਿਚਾਰੇ ਜਾਣ।

'ਡੀਪਰੈਸਡ ਕਲਾਸਾਂ' ਦਾ ਨਾਂ ਇਹਨਾਂ ਸਮੁਦਾਵਾਂ ਦੀ ਪੂਰੀ ਪ੍ਰਤੀਨਿਧਤਾ ਨਹੀਂ ਕਰਦਾ ਜਿਸ ਕਰਕੇ ਇਸਦੇ ਗਲਤ ਇਸਤੇਮਾਲ ਹੋਣ ਦਾ ਡਰ ਹੈ। ਇਸ ਲਈ ਇਹਦਾ ਨਾਂ ਵੀ ਬਦਲਿਆ ਜਾਵੇ ਜੋ ਕਿ 'ਨਾਨ ਕਾਸਟ ਹਿੰਦੂ', 'ਪਰੋਟੈਸਟੈਂਟ ਹਿੰਦੂ', 'ਨਾਨ ਕਨਫਰਮਿਸਟ ਹਿੰਦੂ' ਆਦਿ ਰੱਖਿਆ ਜਾ ਸਕਦਾ ਹੈ, ਇਸ ਸਬੰਧੀ ਪੂਰੇ ਦੇਸ਼ ਭਰ ਵਿਚੋਂ ਤਾਰਾਂ ਪ੍ਰਾਪਤ ਹੋਈਆਂ ਹਨ।

ਕਿਉਂਕਿ ਤਾਕਤ ਉੱਚ ਜਾਤੀ ਹਿੰਦੂਆਂ ਦੇ ਹੱਥ ਵਿਚ ਸੌਂਪੀ ਜਾ ਰਹੀ ਹੈ, ਇਸ ਲਈ ਇਹ ਜ਼ਰੂਰੀ ਹੈ ਕਿ ਅਛੂਤਾਂ ਦੇ ਹੱਕਾਂ ਦੀ ਰਾਖੀ ਦਾ ਪ੍ਰਾਵਧਾਨ ਜ਼ਰੂਰ ਕੀਤਾ ਜਾਵੇ। ਇਹ ਘੱਟੋ ਘੱਟ ਦੂਜੀਆਂ ਮੁਸਲਿਮ ਘੱਟ ਗਿਣਤੀਆਂ ਦੇ ਬਰਾਬਰ ਦਾ ਜ਼ਰੂਰ ਹੋਵੇ।

ਡਾ. ਅੰਬੇਦਕਰ ਵੱਲੋਂ ਡੀਪਰੈਸਡ ਕਲਾਸਾਂ ਦੇ ਹੱਕਾਂ ਲਈ ਕੀਤੀ ਬੁਲੰਦ ਆਵਾਜ਼ ਨਾਲ ਸਾਰੇ ਸਹਿਮਤ ਸਨ ਸਿਰਫ ਕਾਂਗਰਸ ਅਤੇ ਗਾਂਧੀ ਹੀ ਸਹਿਮਤ ਨਹੀਂ ਸਨ। ਉਹਨਾਂ ਨੇ ਪੂਰੇ ਜ਼ੋਰ ਨਾਲ ਗੋਲਮੇਜ਼ ਕਾਨਫਰੰਸ ਵਿਚ ਅਛੂਤਾਂ ਨੂੰ ਮਿਲ ਰਹੀ ਪਛਾਣ ਅਤੇ ਉਹਨਾਂ ਦੇ ਹੱਕਾਂ ਦੀ ਰਾਖੀ ਵਿਰੁੱਧ ਕੋਸ਼ਿਸ਼ਾਂ ਕੀਤੀਆਂ। ਉਹਨਾਂ ਨੇ ਮੁਸਲਮਾਨਾਂ ਨੂੰ ਵੀ ਨਾਲ ਮਿਲਾਉਣ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ।

ਦੂਜੀ ਕਾਨਫਰੰਸ ਤੋਂ ਬਾਅਦ ਗਾਂਧੀ ਨੇ ਡੀਪਰੈਸਡ ਕਲਾਸਾਂ ਨੂੰ ਮਿਲ ਰਹੇ ਅਧਿਕਾਰਾਂ ਦੇ ਵਿਰੁੱਧ ਅੰਗਰੇਜ਼ ਸਰਕਾਰ ਨੂੰ ਸਿਵਲ ਨਾ ਫੁਰਮਾਨੀ ਦੀ ਆਪਣੀ ਲਹਿਰ ਫਿਰ ਸ਼ੁਰੂ ਕਰਨ ਦੀ ਧਮਕੀ ਦਿੱਤੀ, ਜਿਸ ਕਰਕੇ ਉਸਨੂੰ ਗ੍ਰਿਫ਼ਤਾਰ ਕਰਕੇ ਯਰਵਦਾ ਜੇਲ੍ਹ ਪੂਨਾ ਵਿਚ ਡੱਕ ਦਿੱਤਾ ਗਿਆ। ਜੇਲ੍ਹ ਵਿਚ ਸਵਰਾਜ ਨਹੀਂ ਸਗੋਂ ਅਛੂਤਾਂ ਦੀ ਸਮੱਸਿਆ ਉਸਨੂੰ ਵੱਧ ਸਤਾ ਰਹੀ ਸੀ। ਉਸਨੂੰ ਡਰ ਸੀ ਕਿ ਬਰਤਾਨੀਆ ਦਾ ਪ੍ਰਧਾਨ ਮੰਤਰੀ ਕਿਤੇ ਅਛੂਤਾਂ ਦੀ ਮੰਗ ਨਾ ਮੰਨ ਲਵੇ। ਇਸ ਲਈ ਉਸਨੇ 11 ਮਾਰਚ 1932 ਨੂੰ ਉਸ ਵੇਲੇ ਦੇ ਭਾਰਤ ਦੇ ਸਕੱਤਰ (ਵਜ਼ੀਰ) ਸਰ ਸੈਮੂਅਲ ਹੋਰੇ ਨੂੰ ਇਕ ਪੱਤਰ ਲਿਖਿਆ, ਜਿਸਦਾ ਉਤਰ ਹੋਰੇ ਨੇ 13 ਅਪ੍ਰੈਲ 1932 ਨੂੰ ਦਿੱਤਾ ਅਤੇ 17 ਅਗਸਤ 1932 ਨੂੰ ਕਮਿਊਨਲ ਐਵਾਰਡ ਐਲਾਨ ਦਿੱਤਾ।

ਗਾਂਧੀ ਨੇ ਲਿਖਿਆ, "ਤੁਹਾਨੂੰ ਯਾਦ ਹੋਵੇਗਾ ਕਿ ਮੈਂ ਗੋਲਮੇਜ਼ ਕਾਨਫਰੰਸ ਵਿਚ ਡੀਪਰੈਸਡ ਕਲਾਸਾਂ ਨੂੰ ਵੱਖਰੇ ਚੋਣ ਖੇਤਰ ਦੇਣ ਦੀ ਸਖਤ ਵਿਰੋਧਤਾ ਕੀਤੀ ਸੀ ਤੇ ਮੈਂ ਕਿਹਾ ਸੀ ਕਿ ਭਾਰਤ ਪਰਤਦਿਆਂ ਇਸਦੇ ਵਿਰੋਧ ਵਿਚ ਇਕ ਲਹਿਰ ਖੜ੍ਹੀ ਕਰ ਦੇਵੇਗਾ ਪਰ ਮੈਂ ਇਹ ਕਰ ਨਹੀਂ ਸਕਿਆ। ਮੈਂ ਇਹਨਾਂ ਨੂੰ ਲੈਜਿਸਲੇਚਰ ਵਿਚ ਨੁਮਾਇੰਦਗੀ ਅਤੇ ਵੋਟ ਅਧਿਕਾਰ ਦੇ ਵਿਰੁੱਧ ਨਹੀਂ ਹਾਂ ਪਰ ਮੈਂ ਕਿਸੇ ਵੀ ਹਾਲਤ ਵਿਚ ਇਹਨਾਂ ਦੇ ਅਲੱਗ ਚੋਣ ਖੇਤਰ ਦਾ ਅਧਿਕਾਰ ਸਵੀਕਾਰ ਨਹੀਂ ਕਰ ਸਕਦਾ। ਕਿਉਂਕਿ ਡੀਪਰੈਸਡ ਕਲਾਸਾਂ ਪੂਰੀ ਤਰ੍ਹਾਂ ਹਿੰਦੂਆਂ 'ਤੇ ਨਿਰਭਰ ਹਨ, ਇਸ ਲਈ ਇਹ ਅਧਿਕਾਰ ਦੇਣੇ ਨਾ ਇਹਨਾਂ ਡੀਪਰੈਸਡ ਕਲਾਸਾਂ ਦੇ ਹੱਕ ਵਿਚ ਹਨ ਅਤੇ ਨਾ ਹਿੰਦੂਆਂ ਦੇ। ਮੈਂ ਬਚਪਨ ਤੋਂ ਹੀ ਇਹਨਾਂ ਦੀ ਸਦੀਆਂ ਪੁਰਾਣੀ ਹਾਲਤ ਪ੍ਰਤੀ ਚਿੰਤਾਤੁਰ ਹਾਂ ਅਤੇ ਕਈ ਵਾਰੀ ਇਹਨਾਂ ਦੀ ਖਾਤਰ ਮੈਂ ਆਪਣਾ ਸਭ ਕੁਝ ਦਾਅ 'ਤੇ ਲਾਇਆ ਹੈ ਪਰ ਇਹ ਅਲੱਗ ਚੋਣ ਖੇਤਰ ਇਹਨਾਂ ਦਾ ਹੱਲ ਨਹੀਂ ਹੈ। ਜੇ ਤੁਸੀਂ ਹੁਣ ਵੀ ਮੇਰੇ ਨਾਲ ਸਹਿਮਤ ਨਾ ਹੋਏ ਤਾਂ ਮੈਂ ਇਸਦੇ ਵਿਰੋਧ ਵਿਚ ਮਰਨ ਵਰਤ ਰੱਖ ਦੇਵਾਂਗਾ।"

"ਮੈਨੂੰ ਦੁੱਖ ਹੈ ਕਿ ਮੇਰੇ ਇਸ ਕਦਮ ਨਾਲ ਬ੍ਰਿਟਿਸ਼ ਸਰਕਾਰ ਲਈ ਗੰਭੀਰ ਮੁਸ਼ਕਿਲਾਂ ਖੜ੍ਹੀਆਂ ਹੋਣਗੀਆਂ ਪਰ ਇਹ ਮੇਰੀ ਅੰਤਰ ਆਤਮਾ ਦੀ ਆਵਾਜ਼ ਹੈ, ਜਿਸਨੂੰ ਮੈਂ ਦਬਾਅ ਨਹੀਂ ਸਕਦਾ। ਭਾਵੇਂ ਮੇਰਾ ਕੋਈ ਵੀ ਨੁਕਸਾਨ ਹੋ ਜਾਵੇ।"

ਸਕੱਤਰ ਸਰ ਸੈਮੂਅਲ ਹੋਰੇ ਨੇ ਜਵਾਬ ਦਿੱਤਾ ਕਿ "ਤੁਹਾਨੂੰ ਪਤਾ ਹੈ ਕਿ ਲੋਥੀਅਨ ਕਮੇਟੀ ਨੇ ਆਪਣੀ ਰਿ-ਪੋਰਟ ਪੇਸ਼ ਨਹੀਂ ਕੀਤੀ। ਰਿਪੋਰਟ ਆਉਣ 'ਤੇ ਤੁਹਾਡੇ ਵਿਚਾਰਾਂ ਨੂੰ ਬਰਾਬਰ ਰੱਖ ਕੇ ਹੀ ਮੈਰਿਟ 'ਤੇ ਕੋਈ ਫੈਸਲਾ ਲਿਆ ਜਾਵੇਗਾ। ਜੇ ਤੁਸੀਂ ਮੇਰੀ ਥਾਂ ਤੇ ਹੁੰਦੇ ਮੈਨੂੰ ਯਕੀਨ ਹੈ ਤੁਸੀਂ ਵੀ ਇਵੇਂ ਹੀ ਕਰਨਾ ਸੀ। ਇਸ ਤੋਂ ਵੱਧ ਮੈਂ ਕੁਝ ਨਹੀਂ ਕਹਿਣਾ।" ਇਸ ਤੋਂ ਬਾਅਦ ਗਾਂਧੀ ਨਿਸ਼ਚਿੰਤ ਹੋ ਗਿਆ। ਉਸਨੂੰ ਭੁਲੇਖਾ ਸੀ ਕਿ ਉਸਦੇ ਮਰਨ ਵਰਤ ਦੀ ਧਮਕੀ ਬ੍ਰਿਟਿਸ਼ ਸਰਕਾਰ ਲਈ ਕਾਫੀ ਹੈ ਪਰ 17 ਅਗਸਤ 1932ਨੂੰ ਪ੍ਰਧਾਨ ਮੰਤਰੀ ਨੇ ਕਮਿਊਨਲ ਐਵਾਰਡ ਦਾ ਐਲਾਨ ਕਰ ਦਿੱਤਾ ਜਿਸ ਤੋਂ ਗਾਂਧੀ ਹੈਰਾਨ ਹੋ ਗਿਆ। ਉਸਨੂੰ ਬਿਲਕੁਲ ਅਜਿਹੀ ਕੋਈ ਆਸ ਨਹੀਂ ਸੀ। ਕਮਿਊਨਲ ਐਵਾਰਡ ਵਿਚ ਅਛੂਤਾਂ ਨਾਲ ਸਬੰਧਤ ਮੱਦਾਂ ਇਹ ਸਨ:-

ਬ੍ਰਿਟਿਸ਼ ਸਰਕਾਰ ਸਮਝਦੀ ਹੈ ਕਿ ਘੱਟ ਗਿਣਤੀਆਂ ਆਪਸ ਵਿਚ ਕਿਸੇ ਨਿਰਣੇ 'ਤੇ ਨਾ ਪਹੁੰਚਣ ਕਾਰਨ ਸੰਵਿਧਾਨ ਦੀ ਤਿਆਰੀ ਵਿਚ ਦੇਰੀ ਹੋ ਸਕਦੀ ਹੈ ਪਰ ਇਹਨਾਂ ਦੀਆਂ ਸਮੱਸਿਆਵਾਂ ਦਾ ਨਿਵਾਰਣ ਕਰਨ ਤੋਂ ਬਿਨਾਂ ਵੀ ਸੰਵਿਧਾਨ ਨਿਰਮਾਣ ਸੰਭਵ ਨਹੀਂ। ਇਹਨਾਂ ਦੋਹਾਂ ਧਿਰਾਂ ਨੂੰ ਕਿਸੇ ਨਿਰਣੇ ਤੇ ਪਹੁੰਚ ਜਾਣਾ ਚਾਹੀਦਾ ਹੈ, ਸਰਕਾਰ ਇਸ ਵਿਚ ਕੋਈ ਪਾਰਟੀ ਨਹੀਂ ਬਣੇਗੀ।

ਡੀਪਰੈਸਡ ਕਲਾਸਾਂ ਨੂੰ ਸ਼ਡਿਊਨ ਵਿਚ ਦਿੱਤੇ ਅੰਕੜਿਆਂ ਅਨੁਸਾਰ ਇਹਨਾਂ ਦੀਆਂ ਬਹੁਗਿਣਤੀ ਵਾਲੀਆਂ ਵਿਸ਼ੇਸ਼ ਸੀਟਾਂ ਦਿੱਤੀਆਂ ਗਈਆਂ ਹਨ, ਜਿਹਨਾਂ ਤੇ ਇਹ ਆਪਣੇ ਮੈਂਬਰਾਂ ਨੂੰ ਆਪ ਵੋਟ ਪਾਉਣਗੇ। ਇਹ ਵਿਸ਼ੇਸ਼ ਸੀਟਾਂ 20 ਸੀਟਾਂ ਦੇ ਸਮੇਂ ਲਈ ਹੋਣਗੀਆਂ।

**ਪੂਨਾ ਸਮਝੌਤਾ**

ਇਸ ਤਰ੍ਹਾਂ ਗਾਂਧੀ ਨੇ ਜਦੋਂ ਵੇਖਿਆ ਕਿ ਉਸਦੀ ਧਮਕੀ ਦਾ ਕੋਈ ਅਸਰ ਨਹੀਂ ਹੋਇਆ ਅਤੇ ਕਮਿਊਨਲ ਐਵਾਰਡ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ ਤਾਂ ਉਸਨੇ ਫਿਰ 18 ਅਗਸਤ 1932 ਨੂੰ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖੀ। ਭਾਵੇਂ ਗਾਂਧੀ ਨੇ ਕਮਿਊਨਲ ਐਵਾਰਡ ਪ੍ਰਵਾਨ ਕਰਨ ਦੇ ਪਾਬੰਦ ਹੋਣ ਲਈ ਪਹਿਲਾਂ ਹੀ ਦਸਤਖ਼ਤ ਵੀ ਕੀਤੇ ਹੋਏ ਸਨ ਫਿਰ ਵੀ ਉਸ ਨੇ ਇਹ ਚਿੱਠੀ ਲਿਖੀ। ਉਸਨੇ ਲਿਖਿਆ ਕਿ "ਮੈਂ ਪਹਿਲਾਂ ਵੀ ਚਿੱਠੀ ਲਿਖੀ ਸੀ ਤੇ ਇਹ ਚਿੱਠੀ ਵੀ ਉਸਦੇ ਸਬੰਧ ਵਿਚ ਹੀ ਹੈ। ਮੇਰੀ ਇਸ ਗੱਲ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਕਿ ਮੈਂ ਡੀਪਰੈਸਡ ਕਲਾਸਾਂ ਨੂੰ ਅਲੱਗ ਚੋਣ ਖੇਤਰ ਦੇਣ ਦੇ ਸਖਤ ਵਿਰੁੱਧ ਹਾਂ। ਹੁਣ ਮੈਂ ਫਿਰ ਆਖਦਾ ਹਾਂ ਕਿ ਜੇ ਮੇਰੀ ਇਹ ਮੰਗ ਨਾ ਮੰਨੀ ਗਈ ਤਾਂ ਮੈਂ ਮਰਨ ਵਰਤ ਰੱਖ ਦੇਵਾਂਗਾ। ਇਸ ਲਈ ਜੇ ਤੁਸੀਂ ਕਮਿਊਨਲ ਐਵਾਰਡ ਵਾਲਾ ਆਪਣਾ ਨਿਰਣਾ ਨਾ ਬਦਲਿਆ ਤਾਂ 20 ਸਤੰਬਰ ਨੂੰ ਮੇਰਾ ਮਰਨ ਵਰਤ ਸ਼ੁਰੂ ਹੋ ਜਾਵੇਗਾ।" ਪ੍ਰਧਾਨ ਮੰਤਰੀ ਨੇ ਲਿਖਿਆ ਕਿ "ਤੁਸੀਂ ਇਹ ਪੱਤਰ ਕਿਸੇ ਗਲਤ ਫਹਿਮੀ ਵਿਚ ਲਿਖਿਆ ਲੱਗਦਾ ਹੈ। ਸਾਨੂੰ ਪਤਾ ਹੈ ਕਿ ਤੁਸੀਂ ਡੀਪਰੈਸਡ ਕਲਾਸਾਂ ਦੀ ਹਿੰਦੂਆਂ ਨਾਲੋਂ ਪੱਕੇ ਤੌਰ ਤੇ ਅਲੱਗ ਹੋਣ ਦੇ ਵਿਰੁੱਧ ਹੋ ਇਸ ਲਈ ਇਹ ਵਿਸ਼ੇਸ਼ ਚੋਣ ਖੇਤਰ 20 ਸਾਲਾਂ ਲਈ ਹੀ ਰੱਖੇ ਗਏ ਹਨ। ਡੀਪਰੈਸਡ ਕਲਾਸਾਂ ਦੀਆਂ ਕਈ ਜਥੇਬੰਦੀਆਂ ਵੱਲੋਂ ਭੇਜੀਆਂ ਅਪੀਲਾਂ ਕਿ ਉਹਨਾਂ ਵੱਲੋਂ ਲੰਮੇ ਸਮੇਂ ਤੋਂ ਸਮਾਜਿਕ ਬੁਰਾਈਆਂ ਝੱਲੀਆਂ ਜਾ ਰਹੀਆਂ ਹਨ- ਜਿਹਨਾਂ ਨੂੰ ਤੁਸੀਂ ਵੀ ਮੰਨਦੇ ਹੋ, ਇਹ ਕਦਮ ਉਹਨਾਂ ਦੇ ਅਧਿਕਾਰਾਂ ਦੀ ਰੱਖਿਆ ਦੇ ਮੱਦੇਨਜ਼ਰ ਹੀ ਚੁੱਕਿਆ ਗਿਆ ਹੈ। ਜਿੱਥੇ ਵੀ ਇਹ ਵਿਸ਼ੇਸ਼ ਚੋਣ ਖੇਤਰ ਹੋਣਗੇ, ਉਥੇ ਉਹ ਡੀਪਰੈਸਡ ਕਲਾਸਾਂ ਦੇ ਵੋਟਰ ਜਨਰਲ ਹਿੰਦੂ ਨੂੰ ਵੀ ਵੋਟ ਪਾ ਸਕਣਗੇ। ਇਸ ਲਈ ਇਹ ਹਿੰਦੂਆਂ ਤੋਂ ਅਲੱਗ ਕਰਨ ਵਾਲਾ ਕਦਮ ਨਹੀਂ ਹੈ। ਡੀਪਰੈਸਡ ਕਲਾਸਾਂ ਦਾ ਮੈਂਬਰ ਜਨਰਲ ਹਿੰਦੂ ਸੀਟ ਤੇ ਵੀ ਖੜ੍ਹ ਸਕਦਾ ਹੈ ਪਰ ਮੁਸਲਮਾਨਾਂ ਜਾਂ ਸਿੱਖਾਂ ਦੇ ਕੇਸ ਵਿਚ ਅਜਿਹਾ ਨਹੀਂ ਹੈ। ਤੁਸੀਂ ਸਿਰਫ ਇਹ ਨਹੀਂ ਚਾਹੁੰਦੇ ਕਿ ਡੀਪਰੈਸਡ ਕਲਾਸਾਂ ਦੇ ਨੁਮਾਇੰਦੇ ਹੀ ਡੀਪਰੈਸਡ ਕਲਾਸਾਂ ਦੇ ਹਿੱਤ ਵਾਚਣ। ਸਾਡਾ ਫੈਸਲਾ ਬਦਲਣ ਵਾਲਾ ਨਹੀਂ। ਇਸ ਸਬੰਧ ਵਿਚ ਸਿਰਫ ਦੋਵੇਂ ਕਮਿਊਨਿਟੀਆਂ ਹੀ ਕੋਈ ਆਪਸ ਵਿਚ ਸਮਝੌਤਾ ਕਰ ਸਕਦੀਆਂ ਹਨ।"

ਗਾਂਧੀ ਇਸਨੂੰ ਹਿੰਦੂ ਧਰਮ ਦਾ ਮਸਲਾ ਗਰਦਾਨਦੇ ਸਨ ਜਿਸ ਕਰਕੇ ਉਸਦਾ ਮੰਨਣਾ ਸੀ ਕਿ ਇਹਨਾਂ ਵਿਸ਼ੇਸ਼ ਅਧਿਕਾਰਾਂ ਨਾਲ ਡੀਪਰੈਸਡ ਕਲਾਸਾਂ ਹਿੰਦੂਆਂ ਤੋਂ ਅਲੱਗ ਮੰਨੀਆਂ ਜਾਣ ਲੱਗ ਪੈਣਗੀਆਂ। ਉਸਨੂੰ ਬੱਸ ਇਹ ਚਿੰਤਾ ਸਤਾ ਰਹੀ ਸੀ, ਹੋਰ ਚਾਰਾ ਚਲਦਾ ਨਾ ਵੇਖ ਕੇ ਅੰਤ ਉਸਨੇ 20 ਸਤੰਬਰ 1932 ਨੂੰ ਮਰਨ ਵਰਤ ਰੱਖ ਦਿੱਤਾ।

ਗਾਂਧੀ ਦੇ ਮਰਨ ਵਰਤ ਰੱਖਣ ਤੇ ਡਾ. ਅੰਬੇਦਕਰ ਨੇ ਕਿਹਾ ਕਿ ਗਾਂਧੀ ਗੋਲਮੇਜ਼ ਕਾਨਫਰੰਸ ਵਿਚ ਕਮਿਊਨਲ ਐਵਾਰਡ ਦੇ ਸਵਾਲ ਨੂੰ ਤੁੱਛ ਹੀ ਸਮਝਦੇ ਸਨ ਤੇ ਇਸਨੂੰ ਸੰਵਿਧਾਨ ਦਾ ਹੀ ਇਕ ਛੋਟਾ ਜਿਹਾ ਅਨੁਲੱਗ ਸਮਝਦੇ ਸਨ ਪਰ ਹੁਣ ਉਹਨਾਂ ਨੇ ਇਸਨੂੰ ਇੱਡਾ ਵੱਡਾ ਮੁੱਦਾ ਬਣਾ ਦਿੱਤਾ ਹੈ ਕਿ ਇਸ ਲਈ ਮਰਨ ਵਰਤ ਵਰਗਾ ਵੱਡਾ ਹਥਿਆਰ ਵਰਤਿਆ ਜਾ ਰਿਹਾ ਹੈ। ਚੰਗਾ ਹੁੰਦਾ ਜੇ ਇਹ ਹਥਿਆਰ ਉਹ ਆਜ਼ਾਦੀ ਲੈਣ ਲਈ ਵਰਤਦੇ। ਅਲੱਗ ਚੋਣ ਖੇਤਰ ਡੀਪਰੈਸਡ ਕਲਾਸਾਂ ਨੂੰ ਹੀ ਨਹੀਂ ਇਸਾਈਆਂ, ਐਂਗਲੋ-ਇੰਡੀਅਨ, ਯੂਰਪੀਅਨ, ਮੁਸਲਮਾਨ ਅਤੇ ਸਿੱਖਾਂ ਨੂੰ ਵੀ ਦਿੱਤੇ ਗਏ ਸਨ। ਪਹਿਲਾਂ ਗਾਂਧੀ ਨੇ ਮੁਸਲਮਾਨਾਂ ਅਤੇ ਸਿੱਖਾਂ ਤੋਂ ਇਲਾਵਾ ਸਭ ਦੀ ਵਿਰੋਧਤਾ ਕੀਤੀ ਪਰ ਫਿਰ ਉਹ ਡੀਪਰੈਸਡ ਕਲਾਸਾਂ ਤੋਂ ਬਿਨਾਂ ਸਭ ਨੂੰ ਵਿਸ਼ੇਸ਼ ਚੋਣ ਖੇਤਰ ਦੇਣ ਲਈ ਸਹਿਮਤ ਹੋ ਗਏ। ਜੇ ਦੇਸ਼ ਮੁਸਲਮਾਨਾਂ ਤੇ ਸਿੱਖਾਂ ਨੂੰ ਵਿਸ਼ੇਸ਼ ਚੋਣ ਖੇਤਰ ਦੇਣ ਨਾਲ ਨਹੀਂ ਵੰਡਿਆ ਜਾਂਦਾ ਤਾਂ ਡੀਪਰੈਸਡ ਕਲਾਸਾਂ ਨੂੰ ਹੀ ਦੇਣ ਨਾਲ ਕਿਵੇਂ ਵੰਡਿਆ ਜਾਵੇਗਾ? ਡੀਪਰੈਸਡ ਕਲਾਸਾਂ ਪੂਰਨ ਤੌਰ ਤੇ ਹਿੰਦੂਆਂ 'ਤੇ ਨਿਰਭਰ ਹਨ, ਇਹਨਾਂ ਨੂੰ ਰਾਜਨੀਤਿਕ ਅਧਿਕਾਰਾਂ ਦੀ ਰਾਖੀ ਲਈ ਇਹਨਾਂ ਵਿਸ਼ੇਸ਼ ਚੋਣ ਖੇਤਰਾਂ ਦੀ ਅਤਿਅੰਤ ਲੋੜ ਹੈ ਪਰ ਹਿੰਦੂ ਇਹਨਾਂ ਦੇ ਸਾਰੇ ਦਰਵਾਜ਼ੇ ਬੰਦ ਕਰਦੇ ਜਾ ਰਹੇ ਸਨ। ਕਮਿਊਨਲ ਐਵਾਰਡ ਤਾਂ ਅਲੱਗ ਚੋਣ ਖੇਤਰ ਮੰਗਣ ਵਾਲੇ ਅਤੇ ਸਾਂਝੇ ਚੋਣ ਖੇਤਰ ਮੰਗਣ ਵਾਲੇ ਦੋਹਾਂ ਦੀ ਸੰਤੁਸ਼ਟੀ ਕਰਵਾਉਂਦਾ ਹੈ।

ਡਾ. ਅੰਬੇਦਕਰ ਅੱਗੇ ਦੱਸਦੇ ਹਨ ਕਿ ਗਾਂਧੀ ਵੱਲੋਂ ਇਸ ਸਬੰਧ ਵਿਚ ਉਹਨਾਂ ਨੂੰ ਇਕ ਹੋਰ ਸਕੀਮ ਦੱਸੀ ਗਈ। ਗਾਂਧੀ ਦਾ ਕਹਿਣਾ ਸੀ ਕਿ ਜੇ ਡੀਪਰੈਸਡ ਕਲਾਸਿਜ਼ ਦਾ ਮੈਂਬਰ ਜਨਰਲ ਮੈਂਬਰ ਦੇ ਮੁਕਾਬਲੇ ਹਾਰ ਜਾਂਦਾ ਹੈ ਤਾਂ ਉਹ (ਗਾਂਧੀ) ਉਸ ਹਾਰੇ ਮੈਂਬਰ ਲਈ ਕਿਤੋਂ ਹੋਰ ਕਿਸੇ ਕਾਂਗਰਸ ਦੇ ਮੈਂਬਰ ਨੂੰ ਸੀਟ ਖਾਲੀ ਕਰਨ ਲਈ ਮਨਾ ਲਵੇਗਾ ਅਤੇ ਉਥੋਂ ਉਸ ਹਾਰੇ ਹੋਏ ਮੈਂਬਰ ਨੂੰ ਦੁਬਾਰਾ ਚੋਣ ਲੜਾ ਦੇਵੇਗਾ। ਪਰ ਇਹ ਸਾਰੀ ਜ਼ੁਬਾਨੀ ਕਲਾਮੀ ਗੱਲ ਸੀ, ਇਹ ਕੋਈ ਸੰਵਿਧਾਨਕ ਹੱਲ ਤਾਂ ਹੈ ਨੀ ਸੀ। ਡਾ. ਅੰਬੇਦਕਰ ਕਹਿੰਦੇ ਹਨ ਕਿ ਮਹਾਤਮਾ ਗਾਂਧੀ ਅਮਰ ਤਾਂ ਹੈ ਨਹੀਂ ਜੋ ਉਹ ਆਪਣੇ ਆਖੇ ਹੋਏ ਸ਼ਬਦਾਂ ਤੇ ਹਮੇਸ਼ਾ ਖੜ੍ਹਾ ਰਹੇਗਾ। ਕਿੰਨੇ ਹੀ ਮਹਾਤਮਾ ਜਾਤ ਪਾਤ ਅਤੇ ਛੂਤ ਛਾਤ ਦੂਰ ਕਰਨਾ ਚਾਹੁੰਦੇ ਸਨ ਪਰ ਉਹ ਆਏ ਅਤੇ ਚਲੇ ਗਏ ਪਰ ਛੂਤ ਛਾਤ ਹਾਲੇ ਵੀ ਕਾਇਮ ਹੈ। ਇਸ ਲਈ ਮੈਂ ਉਹਨਾਂ ਦੀਆਂ ਗੱਲਾਂ 'ਤੇ ਭਰੋਸਾ ਨਹੀਂ ਸੀ ਕਰ ਸਕਦਾ। ਆਪਣੇ ਲੋਕਾਂ ਦੀ ਭਲਾਈ ਦਾ ਸਵਾਲ ਜੋ ਬਹੁਤ ਮਹੱਤਵਪੂਰਨ ਹੈ, ਉਹ ਮੈਂ ਸਿਰਫ ਗਾਂਧੀ ਦੇ ਜ਼ੁਬਾਨੀ ਭਰੋਸੇ ਤੇ ਹੀ ਨਹੀਂ ਸੀ ਛੱਡ ਸਕਦਾ। ਉਹਨਾਂ ਕਿਹਾ ਕਿ ਜੇ ਗਾਂਧੀ ਇਸ ਤੋਂ ਵਧੀਆ ਕੋਈ ਸੰਵਿਧਾਨਕ ਹੱਲ ਪੇਸ਼ ਕਰਨਾ ਚਾਹੁੰਦਾ ਹੈ ਤਾਂ ਆਪਣੀ ਸਕੀਮ ਪੇਸ਼ ਕਰੇ। ਮਹਾਤਮਾ ਨੂੰ ਪਤਾ ਹੈ ਜਾਂ ਨਹੀਂ ਕਿ ਉਹਨਾਂ ਦੇ ਇਸ ਕਦਮ ਨਾਲ (ਮਰਨ ਵਰਤ) ਹੋਰ ਕੁਝ ਨਹੀਂ ਦੇਸ਼ ਭਰ ਵਿਚ ਡੀਪਰੈਸਡ ਕਲਾਸਾਂ ਵਿਚ ਡਰ ਪੈਦਾ ਕੀਤਾ ਜਾ ਰਿਹਾ ਹੈ। ਮਹਾਤਮਾ ਜੇ ਡੀਪਰੈਸਡ ਕਲਾਸਾਂ ਨੂੰ ਪੁੱਛਣ ਦੀ ਖੇਚਲ ਕਰਨ ਕਿ ਉਹ ਹਿੰਦੂ ਧਰਮ ਜਾਂ ਰਾਜਨੀਤਿਕ ਅਧਿਕਾਰ/ਤਾਕਤ ਵਿਚੋਂ ਕਿਸਨੂੰ ਚੁਣਨਗੇ ਤਾਂ ਨਿਸ਼ਚੇ ਹੀ ਉਹ ਰਾਜਨੀਤਿਕ ਤਾਕਤ ਹੀ ਚੁਣਨਗੇ। ਇੰਝ ਕਰਨ ਨਾਲ ਉਹ ਮਹਾਤਮਾ ਨੂੰ ਵੀ ਬਚਾ ਲੈਣਗੇ। ਪਰ ਜੇ ਗਾਂਧੀ ਆਪਣੇ ਐਕਸ਼ਨ ਦੇ ਭੈੜੇ ਨਤੀਜਿਆਂ ਦਾ ਡਰਾਵਾ ਦੇ ਕੇ ਜਿੱਤ ਵੀ ਜਾਂਦੇ ਹਨ ਤਾਂ ਇਹ ਜਿੱਤ ਕੋਈ ਅਰਥ ਨਹੀਂ ਰੱਖਦੀ ਕਿਉਂਕਿ ਇੰਝ ਕਰਕੇ ਉਹ ਹਿੰਦੂਆਂ ਅਤੇ ਡੀਪਰੈਸਡ ਕਲਾਸਾਂ ਵਿਚ ਨਫ਼ਰਤ ਫੈਲਾਉਣ ਦਾ ਸਾਧਨ ਬਣ ਰਹੇ ਹਨ। ਉਹਨਾਂ ਅੱਗੇ ਦੱਸਿਆ ਕਿ ਗੋਲਮੇਜ਼ ਕਾਨਫਰੰਸ ਵਿਚ ਜਦੋਂ ਮੈਂ ਗਾਂਧੀ ਦੀ ਵਿਰੋਧਤਾ ਕੀਤੀ ਤਾਂ ਸਾਰੇ ਦੇਸ਼ ਵਿਚ ਹੋ ਹੱਲਾ ਮਚਾ ਦਿੱਤਾ ਗਿਆ। ਕਥਿਤ ਕੌਮੀ ਪ੍ਰੈਸ ਨੇ ਮੈਨੂੰ ਗ਼ਦਾਰ ਤੱਕ ਕਿਹਾ। ਮੇਰੇ ਚਿੱਠੀ ਪੱਤਰ ਦਬਾਅ ਲਏ ਜਾਂਦੇ ਸਨ ਅਤੇ ਗਾਂਧੀ ਪੱਖੀ ਪ੍ਰਚਾਰ ਨੂੰ ਵਧਾ ਚੜ੍ਹਾ ਕੇ ਛਾਪਿਆ ਜਾਂਦਾ ਸੀ। ਮੀਟਿੰਗਾਂ ਜੋ ਕਦੇ ਨਹੀਂ ਹੋਈਆਂ, ਉਹਨਾਂ ਦੀਆਂ ਜਾਅਲੀਆਂ ਰਿਪੋਰਟਾਂ ਤਿਆਰ ਕਰਕੇ ਛਾਪੀਆਂ ਜਾਂਦੀਆਂ ਸਨ ਅਤੇ ਪੈਸਾ ਪਾਣੀ ਦੀ ਤਰ੍ਹਾਂ ਵਹਾਇਆ ਗਿਆ। ਡੀਪਰੈਸਡ ਕਲਾਸਾਂ ਵਿਚ ਆਪਸੀ ਫੁੱਟ ਪਾਉਣ ਅਤੇ ਆਪਸੀ ਝੜੱਪਾਂ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਕਈ ਥਾਵਾਂ ਤੇ ਘਟਨਾਵਾਂ ਵਾਪਰੀਆਂ ਵੀ। ਮਹਾਤਮਾ ਜੇ ਚਾਹੁੰਦੇ ਹਨ ਕਿ ਅਜਿਹਾ ਦੁਬਾਰਾ ਨਾ ਵਾਪਰੇ ਤਾਂ ਉਹਨਾਂ ਨੂੰ ਆਪਣਾ ਮਰਨ ਵਰਤ ਦਾ ਫੈਸਲਾ ਬਦਲ ਲੈਣਾ ਚਾਹੀਦਾ ਹੈ। ਜੇ ਉਹਨਾਂ ਨੇ ਫੈਸਲਾ ਨਾ ਬਦਲਿਆ ਤਾਂ ਇਸਦੇ ਨਤੀਜੇ ਵਿਚੋਂ ਤਬਾਹੀ ਨਿਸ਼ਚਿਤ ਹੈ ਜਿਵੇਂ ਦਿਨ ਤੋਂ ਬਾਅਦ ਰਾਤ ਅਟੱਲ ਹੈ।

ਬਾਬਾ ਸਾਹਿਬ ਅੱਗੇ ਲਿਖਦੇ ਹਨ ਕਿ, "ਮੈਂ ਅੰਤ ਵਿਚ ਲੋਕਾਂ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਮੇਰੇ ਵੱਲੋਂ ਇਹ ਮਾਮਲਾ ਬੰਦ ਕਰ ਦਿੱਤਾ ਗਿਆ ਹੈ। ਪਰ ਫਿਰ ਵੀ ਜੇ ਮਹਾਤਮਾ ਕੋਲ ਕੋਈ ਯੋਜਨਾ ਹੈ ਤਾਂ ਮੈਂ ਉਸ ਤੇ ਵਿਚਾਰ ਕਰਨ ਲਈ ਤਿਆਰ ਹਾਂ। ਮੈਨੂੰ ਯਕੀਨ ਹੈ ਕਿ ਮਹਾਤਮਾ ਮੈਨੂੰ ਆਪਣੀ ਜ਼ਿੰਦਗੀ ਅਤੇ ਮੇਰੇ ਲੋਕਾਂ ਦੇ ਅਧਿਕਾਰਾਂ ਵਿਚਕਾਰ ਨਹੀਂ ਆਉਣ ਦੇਣਗੇ ਕਿਉਂਕਿ ਮੈਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਜਾਤੀਵਾਦੀ ਹਿੰਦੂਆਂ ਦੇ ਰਹਿਮੋ ਕਰਮ ਤੇ ਬੱਧੇ ਹੱਥ ਅਤੇ ਪੈਰ ਨਹੀਂ ਛੱਡਣਾ ਚਾਹਾਂਗਾ। ਪਰ ਅਫਸੋਸ ਇਹੋ ਜਿਹੇ ਹਾਲਾਤ ਪੈਦਾ ਹੋ ਗਏ ਕਿ ਉਹਨਾਂ ਨੂੰ ਮਜਬੂਰੀ ਵੱਸ ਗਾਂਧੀ ਨਾਲ ਪੂਨਾ ਸਮਝੌਤਾ ਕਰਨਾ ਹੀ ਪਿਆ। ਇਸ ਮੌਕੇ ਬਾਰੇ ਉਹਨਾਂ ਨੇ ਲਿਖਿਆ ਹੈ ਕਿ "ਮੈਂ ਬੜੀ ਦੁਬਿਧਾ ਵਿਚ ਫਸ ਗਿਆ ਸੀ। ਇਕ ਪਾਸੇ ਇਨਸਾਨੀਅਤ ਦਾ ਫਰਜ਼- ਇਕ ਜਾਨ ਬਚਾਉਣੀ ਸੀ ਤੇ ਦੂਜੇ ਪਾਸੇ ਡੀਪਰੈਸਡ ਕਲਾਸਾਂ ਦੇ ਰਾਜਨੀਤਿਕ ਅਧਿਕਾਰ ਜੋ ਉਹਨਾਂ ਨੂੰ ਮਿਲ ਚੁੱਕੇ ਸਨ, ਉਹ ਬਚਾਉਣੇ ਸਨ। ਮੈਂ ਇਨਸਾਨੀਅਤ ਨੂੰ ਪਹਿਲ ਦਿੰਦਿਆਂ ਗਾਂਧੀ ਦੀ ਜਾਨ ਬਚਾਈ ਤੇ ਸਮਝੌਤਾ ਕਰਨਾ ਪਿਆ। ਜੋ ਪੂਨਾ ਪੈਕਟ ਕਰਕੇ ਜਾਣਿਆ ਜਾਂਦਾ ਹੈ।"

ਪੂਨਾ ਸਮਝੌਤੇ ਨਾਲ ਵੱਖਰੇ ਚੋਣ ਖੇਤਰ ਅਤੇ ਦੂਹਰੀ ਵੋਟ ਪ੍ਰਣਾਲੀ ਸਮਾਪਤ ਕਰ ਦਿੱਤੀ ਗਈ। ਇਸਦੀ ਥਾਂ ਤੇ ਸੂਬਾ ਅਤੇ ਕੇਂਦਰੀ ਲੈਜਿਸਲੇਚਰ ਵਿਚ ਜਨਰਲ ਸੀਟਾਂ ਵਿਚ ਰਾਖਵਾਂਕਰਨ ਕਰ ਦਿੱਤਾ ਗਿਆ। ਸੂਬਿਆਂ ਵਿਚ ਕੁੱਲ 148 ਸੀਟਾਂ ਰਾਖਵੀਂਆਂ ਕੀਤੀਆਂ ਗਈਆਂ, ਜਿਹਨਾਂ ਵਿਚੋਂ ਪੰਜਾਬ ਨੂੰ 8 ਸੀਟਾਂ ਮਿਲੀਆਂ। ਕੇਂਦਰੀ ਲੈਜੀਸਲੇਚਰ ਵਿਚ 18 ਫੀਸਦੀ ਰਾਖਵਾਂਕਰਨ ਦਿੱਤਾ ਗਿਆ। ਇਹ ਸੀਟਾਂ ਸਾਂਝੇ ਚੋਣ ਖੇਤਰ ਰਾਹੀਂ ਭਰੀਆਂ ਜਾਣਗੀਆਂ ਪਰ ਰਾਖਵਾਂ ਉਮੀਦਵਾਰ ਚੁਣਨ ਲਈ ਪਹਿਲਾਂ ਪ੍ਰਾਇਮਰੀ ਪੱਧਰ 'ਤੇ ਚਾਰ ਉਮੀਦਵਾਰਾਂ ਦਾ ਇਕ ਪੈਨਲ ਤਿਆਰ ਕੀਤਾ ਜਾਵੇਗਾ। ਇਹਨਾਂ ਵਿਚੋਂ ਸਭ ਤੋਂ ਵੱਧ ਵੋਟਾਂ ਲੈਣ ਵਾਲਾ ਉਮੀਦਵਾਰ ਅੰਤਿਮ ਤੌਰ ਤੇ ਉਮੀਦਵਾਰ ਹੋਵੇਗਾ, ਜਿਸਨੂੰ ਸਾਰੇ ਹੀ ਸਾਂਝੇ ਤੌਰ ਤੇ ਵੋਟਾਂ ਪਾਉਣਗੇ।

ਇਸੇ ਤਰ੍ਹਾਂ ਕੇਂਦਰੀ ਅਸੈਂਬਲੀ ਦੀ ਚੋਣ ਹੋਵੇਗੀ। ਇਹ ਰਾਖਵਾਂਕਰਨ 10 ਸਾਲਾਂ ਦੇ ਸਮੇਂ ਲਈ ਹੋਵੇਗਾ, ਜਿਸਨੂੰ ਦੋਵੇਂ ਧਿਰਾਂ ਆਪਸੀ ਸਮਝੌਤੇ ਰਾਹੀਂ ਪਹਿਲਾਂ ਵੀ ਖਤਮ ਕਰ ਸਕਦੀਆਂ ਹਨ। ਡੀਪਰੈਸਡ ਕਲਾਸਾਂ ਲਈ ਕੁੱਲ ਵਿੱਦਿਆ ਦੇ ਬਜਟ ਵਿਚੋਂ ਵੱਖਰਾ ਬਜਟ ਦਿੱਤਾ ਜਾਵੇਗਾ ਜਿਸ ਨਾਲ ਇਹਨਾਂ ਦੀ ਵਿਦਿਅਕ ਉਨਤੀ ਹੋ ਸਕੇ। ਹੋਰ ਵੀ ਕਿਸੇ ਪਬਲਿਕ ਸਰਵਿਸ ਲਈ ਡੀਪਰੈਸਡ ਕਲਾਸਾਂ ਦਾ ਮੈਂਬਰ ਹੋਣਾ ਕੋਈ ਅਯੋਗਤਾ ਨਹੀਂ ਗਿਣੀ ਜਾਵੇਗੀ।

ਪੂਨਾ ਸਮਝੌਤਾ ਤਾਂ ਹੋ ਗਿਆ। ਗਾਂਧੀ ਦੀ ਜਾਨ ਬਚ ਗਈ ਪਰ ਜੋ ਡੀਪਰੈਸਡ ਕਲਾਸਾਂ ਨੂੰ ਲਾਭ ਮਿਲਣਾ ਸੀ ਅਸਲ ਵਿਚ ਉਹ ਗੁਆਚ ਗਿਆ। ਡਾ. ਅੰਬੇਦਕਰ ਇਸ ਤੋਂ ਬਹੁਤ ਨਿਰਾਸ਼ ਸਨ। ਪੂਨਾ ਸਮਝੌਤੇ ਤੋਂ ਅਗਲੇ ਦਿਨ ਹੀ ਉਹਨਾਂ ਨੇ ਇਸਨੂੰ ਭੰਡਣਾ ਸ਼ੁਰੂ ਕਰ ਦਿੱਤਾ ਸੀ। ਪੂਨਾ ਪੈਕਟ ਤੋਂ 15 ਸਾਲਾਂ ਬਾਅਦ 15 ਮਾਰਚ 1947 ਨੂੰ ਸੰਵਿਧਾਨਕ ਕਮੇਟੀ ਨੂੰ ਜੋ ਸੰਵਿਧਾਨ ਤਿਆਰ ਕਰਨ ਜਾ ਰਹੀ ਸੀ, ਉਹਨਾਂ ਨੇ ਸ਼ਡਿਊਲਡ ਕਾਸਟ ਫੈਡਰੇਸ਼ਨ ਵੱਲੋਂ ਇਕ ਮੈਮੋਰੰਡਮ ਦਿੱਤਾ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਪੂਨਾ ਪੈਕਟ ਨੂੰ ਇਕ ਫਰੇਬੀ ਚਾਲ ਸਮਝਦੇ ਸਨ। ਉਹਨਾਂ ਦਾ ਕਹਿਣਾ ਸੀ ਕਿ ਪੂਨਾ ਪੈਕਟ ਇਸ ਢੰਗ ਨਾਲ ਤਿਆਰ ਕੀਤਾ ਗਿਆ ਸੀ ਕਿ ਡੀਪਰੈਸਡ ਕਲਾਸਾਂ ਦਾ ਉਮੀਦਵਾਰ ਉਹਨਾਂ ਦੀ ਮਰਜ਼ੀ ਦਾ ਜਿੱਤ ਕੇ ਨਾ ਆਵੇ। ਉਹਨਾਂ ਨੇ ਪੂਨਾ ਪੈਕਟ ਤੋਂ ਬਾਅਦ ਹੋਈਆਂ ਚੋਣਾਂ ਦੇ ਦਿੱਤੇ ਅੰਕੜਿਆਂ ਤੋਂ ਸਿੱਧ ਕੀਤਾ ਕਿ ਡੀਪਰੈਸਡ ਕਲਾਸਾਂ ਦੇ ਉਮੀਦਵਾਰ ਹਿੰਦੂ ਵੋਟਾਂ ਦੇ ਸਿਰ ਤੇ ਜਿੱਤੇ ਹਨ ਨਾ ਕਿ ਡੀਪਰੈਸਡ ਕਲਾਸਾਂ ਦੇ। ਕੁਝ ਰਿਜ਼ਰਵ ਦੇ ਮੈਂਬਰ ਫਾਈਨਲ ਵਿਚ ਅਜਿਹੇ ਵੀ ਜਿੱਤੇ ਜੋ ਕਿ ਪ੍ਰਾਇਮਰੀ ਚੋਣ ਵਿਚ ਹਾਰ ਚੁੱਕੇ ਸਨ। ਇਸ ਤਰ੍ਹਾਂ ਇਹ ਸਿੱਧ ਹੁੰਦਾ ਹੈ ਕਿ ਇਸ ਚੋਣ ਪ੍ਰਣਾਲੀ ਰਾਹੀਂ ਜਿੱਤਣ ਵਾਲਾ ਰਾਖਵਾਂ ਉਮੀਦਵਾਰ ਅਸਲ ਵਿਚ ਡੀਪਰੈਸਡ ਕਲਾਸਾਂ ਦਾ ਨੁਮਾਇੰਦਾ ਨਹੀਂ ਹੈ ਤੇ ਨਾ ਹੋ ਸਕਦਾ ਹੈ। ਇਸ ਲਈ ਪੂਨਾ

(ਬਾਕੀ ਅਗਲੇ ਸਫੇ ਤੇ)

# ਪੂਨਾ ਪੈਕਟ ਦੇ ਇਤਿਹਾਸਕ ਪਿਛੋਕੜ ਵਿਚ ਡਾ.ਅੰਬੇਦਕਰ ਦੀਆਂ ਕਾਮਯਾਬੀਆਂ ਅਤੇ ਮਜਬੂਰੀਆਂ

ਪੈਕਟ ਗਾਂਧੀ ਦੀ ਘਟੀਆ ਚਾਲ ਨਾਲ ਹੋਂਦ ਵਿਚ ਆਇਆ ਜੋ ਕਿ ਡੀਪਰੈਸਡ ਕਲਾਸਾਂ ਦੇ ਹਿੱਤ ਵਿਚ ਬਿਲਕੁਲ ਨਹੀਂ ਹੈ। ਉਸ ਵੇਲੇ ਭਾਵੇਂ ਇਹ ਵਿਸ਼ਵਾਸ ਵੀ ਦਿਵਾਇਆ ਗਿਆ ਸੀ ਕਿ ਹਿੰਦੂ ਡੀਪਰੈਸਡ ਕਲਾਸਾਂ ਦੀ ਚੋਣ ਵਿਚ ਦਖਲਅੰਦਾਜ਼ੀ ਨਹੀਂ ਕਰਨਗੇ। ਡਾ. ਅੰਬੇਦਕਰ ਨੇ ਸਾਵਧਾਨ ਕੀਤਾ ਕਿ ਗਾਂਧੀ ਡੀਪਰੈਸਡ ਕਲਾਸਾਂ ਲਈ ਹੋਰ ਵੀ ਮੁਸ਼ਕਿਲਾਂ ਪੈਦਾ ਕਰ ਸਕਦਾ ਹੈ, ਇਸ ਲਈ ਸਾਵਧਾਨ ਰਹਿਣ ਦੀ ਲੋੜ ਹੈ।

### ਡਾ. ਅੰਬੇਦਕਰ ਦੇ ਸੰਘਰਸ਼ ਵਿਚ "ਆਦਿ ਧਰਮ" ਲਹਿਰ ਦਾ ਯੋਗਦਾਨ

ਉਨੀਵੀਂ ਸਦੀ ਦੇ ਤੀਜੇ ਦਹਾਕੇ ਵਿਚ ਜਿਸ ਵੇਲੇ ਬਾਬਾ ਸਾਹਿਬ ਅਛੂਤਾਂ ਲਈ ਸੰਘਰਸ਼ ਕਰ ਰਹੇ ਸਨ ਤਾਂ ਪੰਜਾਬ ਵਿਚ ਬਾਬੂ ਮੰਗੂ ਰਾਮ ਮੁੱਗੋਵਾਲੀਆ ਵੀ ਅਛੂਤਾਂ ਦੇ ਹੱਕਾਂ ਦੀ ਪ੍ਰਾਪਤੀ ਲਈ ਬਹੁਤ ਵੱਡਾ ਘੋਲ ਕਰ ਰਹੇ ਸਨ। ਉਹਨਾਂ ਵੱਲੋਂ ਸ਼ੁਰੂ ਕੀਤੀ ਆਦਿ ਧਰਮ ਲਹਿਰ ਅਛੂਤਾਂ ਦੀ ਇਕ ਬਹੁਤ ਵੱਡੀ ਸਮਾਜਿਕ ਕ੍ਰਾਂਤੀਕਾਰੀ ਲਹਿਰ ਬਣ ਚੁੱਕੀ ਸੀ, ਜਿਸਨੇ ਅਛੂਤਾਂ ਵਿਚ ਇਕ ਨਵਾਂ ਜੋਸ਼ ਅਤੇ ਜਾਗ੍ਰਿਤੀ ਭਰ ਦਿੱਤੀ ਸੀ। ਇਹ ਇਕੱਲੀ ਚਮਾਰ ਲਹਿਰ ਨਹੀਂ ਸੀ ਸਗੋਂ ਇਸ ਵੱਲੋਂ ਚਾਰ ਰਹਿਬਰ ਵਾਲਮੀਕਿ, ਨਾਮਦੇਵ, ਕਬੀਰ ਅਤੇ ਰਵਿਦਾਸ ਜੀ ਨੂੰ ਮਾਨਤਾ ਦੇਣ ਕਾਰਨ ਸਮੁੱਚੇ ਅਛੂਤਾਂ/ਡੀਪਰੈਸਡ ਕਲਾਸਾਂ ਦੀ ਲਹਿਰ ਬਣ ਚੁੱਕੀ ਸੀ। ਬਾਬੂ ਮੰਗੂ ਰਾਮ ਨੇ ਜਿੱਥੇ ਵੱਖਰੇ ਤੌਰ ਤੇ ਅਛੂਤਾਂ ਲਈ ਸੰਘਰਸ਼ ਵਿੱਢਿਆ ਹੋਇਆ ਸੀ, ਉਥੇ ਉਹਨਾਂ ਨੇ ਡਾ. ਅੰਬੇਦਕਰ ਦਾ ਵੀ ਘੋਲ ਵਿਚ ਡੱਟ ਕੇ ਸਾਥ ਦਿੱਤਾ। ਖਾਸ ਕਰਕੇ ਜਦੋਂ ਡਾ. ਅੰਬੇਦਕਰ ਲੰਡਨ ਵਿਚ ਹੋਣ ਵਾਲੀਆਂ ਗੋਲਮੇਜ਼ ਕਾਨਫਰੰਸਾਂ ਦੀ ਤਿਆਰੀ ਵਿਚ ਜੁਟੇ ਹੋਏ ਸਨ, ਉਦੋਂ ਵੀ ਅਤੇ ਕਾਨਫਰੰਸਾਂ ਦੇ ਦਰਮਿਆਨ ਵੀ ਅਤੇ ਫਿਰ ਬਾਅਦ ਵਿਚ ਪੂਨਾ ਪੈਕਟ ਅਤੇ ਚੋਣਾਂ ਤੱਕ ਵੀ ਨਾਲ ਹੀ ਰਹੇ। ਜਦੋਂ ਦੂਜੀ ਕਾਨਫਰੰਸ ਵਿਚ ਗਾਂਧੀ ਨੇ ਆਪਣੇ ਆਪ ਨੂੰ ਅਛੂਤਾਂ ਦਾ ਨੁਮਾਇੰਦਾ ਹੋਣ ਦਾ ਬਖੇੜਾ ਖੜ੍ਹਾ ਕੀਤਾ ਤਾਂ ਬਾਬੂ ਮੰਗੂ ਰਾਮ ਨੇ ਇਸ ਸਬੰਧ ਵਿਚ 57 ਤਾਰਾਂ ਭਿਜਵਾਈਆਂ ਜਿਸਦੇ ਨਤੀਜੇ ਵਜੋਂ ਡਾ. ਅੰਬੇਦਕਰ ਨੂੰ ਹੀ ਅਛੂਤਾਂ ਦਾ ਨੁਮਾਇੰਦਾ ਮੰਨਿਆ ਗਿਆ।

1928 ਵਿਚ ਬਾਬੂ ਮੰਗੂ ਰਾਮ 150 ਪ੍ਰਮੁੱਖ ਆਗੂਆਂ ਦਾ ਜਥਾ ਲੈ ਕ ਰਾਇਲ ਕਮਿਸ਼ਨ ਨੂੰ ਮਿਲੇ ਅਤੇ ਅਛੂਤਾਂ ਦੀਆਂ ਮੰਗਾਂ ਦਾ ਯਾਦਪੱਤਰ ਦਿੱਤਾ। ਡਾ. ਅੰਬੇਦਕਰ ਅਤੇ 18 ਹੋਰ ਦਲਿਤ ਜਥੇਬੰਦੀਆਂ ਵੱਲੋਂ ਰਲ ਕੇ ਸਾਈਮਨ ਕਮਿਸ਼ਨ ਨੂੰ ਵੀ ਯਾਦ ਪੱਤਰ ਦਿੱਤਾ। ਕਮਿਸ਼ਨ ਨੂੰ ਨਿੱਜੀ ਮੁਲਾਕਾਤ ਕਰਕੇ ਅਛੂਤਾਂ ਦੀ ਦਰਦ ਭਰੀ ਦਾਸਤਾਨ ਸੁਣਾਈ ਕਿ ਸਾਡੇ ਨਾਲ ਹਿੰਦੂਆਂ ਵੱਲੋਂ ਕੁੱਤੇ ਬਿੱਲੀਆਂ ਵਾਲਾ ਸਲੂਕ ਹੁੰਦਾ ਹੈ। ਉਹਨਾਂ ਵੱਲੋਂ ਆਪਣੇ ਲਾਭਾਂ ਲਈ ਸਾਨੂੰ ਨਾਲ ਸ਼ਾਮਲ ਕਰ ਲਿਆ ਜਾਂਦਾ ਹੈ ਅਤੇ ਲਾਭ ਲੈ ਕੇ ਸਾਨੂੰ ਕਿਸਮਤ ਸਹਾਰੇ ਛੱਡ ਦਿੱਤਾ ਜਾਂਦਾ ਹੈ। ਅਸੀਂ ਹਿੰਦੂ, ਮੁਸਲਿਮ, ਇਸਾਈ ਕੁਝ ਵੀ ਨਹੀਂ ਹਾਂ। ਸਾਨੂੰ ਅਲੱਗ ਮੰਨ ਕੇ ਦੂਜੀਆਂ ਸਮੁਦਾਵਾਂ ਵਾਂਗ ਵੱਖ ਅਧਿਕਾਰ ਦਿੱਤੇ ਜਾਣ। ਅਗਲੇ ਸਾਲ 1929 ਵਿਚ ਪੰਜਾਬ ਦੇ ਗਵਰਨਰ ਜਨਰਲ ਆਏ ਤਾਂ 300 ਸਾਥੀਆਂ ਨਾਲ ਰਲ ਕੇ ਫਿਰ ਯਾਦ ਪੱਤਰ ਦਿੱਤਾ। ਡਾ. ਅੰਬੇਦਕਰ ਪਹਿਲੀ ਵਾਰੀ ਪੰਜਾਬ ਆਏ ਤਾਂ ਆਦਿ ਧਰਮ ਮੰਡਲ ਵੱਲੋਂ ਸਵਾਗਤੀ ਭਾਸ਼ਣ ਵਿਚ ਉਹਨਾਂ ਦੀਆਂ ਗੋਲਮੇਜ਼ ਕਾਨਫਰੰਸਾਂ ਵਿਚ ਨਿਭਾਏ ਰੋਲ ਦੀ ਸਰਾਹਣਾ ਕੀਤੀ ਗਈ ਤੇ ਅੱਗੋਂ ਵੀ ਉਹਨਾਂ ਦੀ ਅਗਵਾਈ ਵਿਚ ਭਰੋਸਾ ਪ੍ਰਗਟ ਕੀਤਾ ਗਿਆ ਅਤੇ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਉਹਨਾਂ ਨੂੰ ਅਛੂਤਾਂ ਦੇ ਚੈਂਪੀਅਨ ਵਜੋਂ ਯਾਦ ਕਰੇਗੀ ਅਤੇ ਉਹਨਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ। ਕਮਿਊਨਲ ਐਵਾਰਡ ਦੇ ਐਲਾਨ ਵੇਲੇ ਗਾਂਧੀ ਦੇ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਆਪ ਵੀ ਮਰਨ ਵਰਤ ਰੱਖਿਆ। ਪੂਨਾ ਪੈਕਟ ਰਾਹੀਂ ਮਿਲਿਆ 8 ਰਾਖਵੀਆਂ ਸੀਟਾਂ ਸ਼ਡਿਊਲ ਕਾਸਟ ਫੈਡਰੇਸ਼ਨ ਨਾਲ ਮਿਲ ਕੇ ਲੜੀਆਂ ਅਤੇ 7 ਸੀਟਾਂ ਜਿੱਤੀਆਂ। ਬਾਅਦ ਵਿਚ 'ਰਵਿਦਾਸ ਮੰਡਲ' ਬਣਾ ਕੇ ਰਾਜਨੀਤਿਕ ਪਿੜ ਡਾ. ਅੰਬੇਦਕਰ ਲਈ ਛੱਡ ਦਿੱਤਾ।

ਇੰਝ ਅਸੀਂ ਵੇਖਿਆ ਕਿ ਇਤਿਹਾਸ ਦੀਆਂ ਘਟਨਾਵਾਂ ਵਿਚੋਂ ਉਭਰੇ ਮੌਕਿਆਂ ਤੋਂ ਲਾਭ ਉਠਾ ਕੇ ਡਾ. ਅੰਬੇਦਕਰ ਨੇ ਦਲਿਤਾਂ ਦੀ ਮੁਕਤੀ ਲਈ ਵਿਧੀਵਤ ਘੋਲ ਕਰਕੇ ਬਰਤਾਨਵੀ ਸਰਕਾਰ ਤੋਂ ਕਮਿਊਨਲ ਐਵਾਰਡ ਪ੍ਰਾਪਤ ਕਰ ਲਿਆ ਸੀ। ਇਸਦੇ ਹੂਬਹੂ ਲਾਗੂ ਹੋਣ ਨਾਲ ਦਲਿਤਾਂ ਦੀ ਸਦੀਆਂ ਤੋਂ ਚਲੀ ਆ ਰਹੀ ਹਿੰਦੂਆਂ ਉਤੇ ਨਿਰਭਰਤਾ ਖਤਮ ਹੋ ਜਾਣੀ ਸੀ ਤੇ ਉਹ ਆਪਣੀ ਕਿਸਮਤ ਦੇ ਆਪ ਮਾਲਕ ਬਣਦੇ। ਕਮਿਊਨਲ ਐਵਾਰਡ ਰਾਹੀਂ ਪ੍ਰਾਪਤ ਹੋਏ ਰਾਜਨੀਤਿਕ ਅਧਿਕਾਰ ਗਾਂਧੀ ਦੀ ਚਤੁਰਾਈ ਨਾਲ ਮਰਨ ਵਰਤ ਰਾਹੀਂ ਖੋਹ ਲਏ ਗਏ। ਪੂਨਾ ਪੈਕਟ ਰਾਹੀਂ ਅਸੈਂਬਲੀਆਂ ਵਿਚ ਰਾਖਵਾਂਕਰਨ ਤਾਂ ਮਿਲਿਆ ਪਰ ਚੁਣੇ ਜਾਣ ਵਾਲੇ ਨੁਮਾਇੰਦੇ ਦਲਿਤਾਂ ਦੇ ਅਸਲ ਨੁਮਾਇੰਦੇ ਨਾ ਬਣਕੇ ਜਾਤੀਵਾਦੀਆਂ ਦੇ ਝੋਲੀ ਚੁੱਕ ਬਣ ਗਏ। ਨਤੀਜੇ ਵਜੋਂ ਦਲਿਤਾਂ ਦਾ ਸੁਧਾਰ ਹੋਣ ਦੀ ਬਜਾਏ ਹੋਰ ਨਿਘਾਰ ਸ਼ੁਰੂ ਹੋ ਗਿਆ। ਕੁਝ ਗਿਣਤੀ ਦੇ ਹੀ ਫਾਇਦਾ ਲੈ ਗਏ ਪਰ ਸਮੁੱਚਾ ਦਲਿਤ ਸਮਾਜ ਹੋਰ ਪੱਛੜਦਾ ਚਲਾ ਗਿਆ। ਅੱਜ ਦੀ ਹਾਲਤ ਵੀ ਉਸ ਸਮੇਂ ਨਾਲੋਂ ਵੱਖਰੀ ਨਹੀਂ ਹੈ। ਹੁਣ ਕੇਂਦਰੀ ਤੇ ਸੂਬੇ ਅਸੈਂਬਲੀਆਂ ਵਿਚ ਰਾਖਵੇਂਕਰਨ ਅਨੁਸਾਰ ਮੈਂਬਰ ਪੂਰੇ ਹਨ, ਅਫਸਰਸ਼ਾਹੀ ਵਿਚ ਵੀ ਪੂਰੇ ਹਨ, ਮੰਤਰੀ ਵੀ ਪੂਰੇ ਹਨ ਪਰ ਫਿਰ ਵੀ ਦਲਿਤ ਦਿਨ ਪ੍ਰਤੀ ਦਿਨ ਢਹਿੰਦੀਆਂ ਕਲਾਂ ਵਿਚ ਜਾ ਰਹੇ ਹਨ। ਕਿਸੇ ਵੀ ਮੈਂਬਰ ਜਾਂ ਵਜ਼ੀਰ ਦੀ ਜੁਰਅਤ ਨਹੀਂ ਕਿ ਉਹ ਇਹਨਾਂ ਦੀ ਭਲਾਈ ਲਈ ਕੋਈ ਗੱਲ ਕਹਿਣ ਲਈ ਮੂੰਹ ਖੋਲ੍ਹ ਸਕਣ। ਉਹਨਾਂ ਨੂੰ ਆਪਣੀਆਂ ਕੁਰਸੀਆਂ ਬਚਾਉਣ ਦੀ ਚਿੰਤਾ ਹੁੰਦੀ ਹੈ, ਜਿਸ ਨਾਲ ਉਹ ਉਪਰਲਿਆਂ ਦੀ ਜੀ ਹਜ਼ੂਰੀ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਤਾਜ਼ਾ ਅੰਕੜੇ ਦੱਸਦੇ ਹਨ ਕਿ ਹਾਲੇ ਵੀ ਹੇਠਲੇ ਵਰਗ ਦੇ 29 ਕਰੋੜ ਲੋਕਾਂ ਦੀ ਪ੍ਰਤੀ ਦਿਨ ਦਿਹਾੜੀ 6 ਰੁਪਏ ਹੈ। ਉਹਨਾਂ ਤੋਂ ਉਪਰਲੇ 26 ਕਰੋੜ ਲੋਕਾਂ ਦੀ 11 ਰੁਪਏ ਹੈ ਅਤੇ ਹੋਰ ਉਪਰਲੇ 28 ਕਰੋੜ ਦੀ 20 ਰੁਪਏ ਹੈ। ਜੇ ਸਾਡੇ ਇਹ ਰਾਖਵੇਂ ਮੈਂਬਰ ਦਲਿਤਾਂ ਦੇ ਅਸਲ ਨੁਮਾਇੰਦੇ ਹੁੰਦੇ ਤਾਂ ਹਾਲਾਤ ਇਹ ਨਾ ਹੁੰਦੇ। ਸਿਆਣਾ ਮਨੁੱਖ ਜਾਂ ਸਿਆਣੀ ਕੌਮ ਵਿਪਰੀਤ ਹਾਲਾਤ ਨੂੰ ਆਪਣੇ ਹੱਕ ਵਿਚ ਮੋੜਨ ਦੀ ਸਮਰੱਥਾ ਰੱਖਦੇ ਹਨ। ਅੱਜ ਲੋੜ ਹੈ ਦਲਿਤਾਂ ਨੂੰ ਇਹ ਸਮਝਣ ਦੀ ਕਿ ਡਾ. ਅੰਬੇਦਕਰ ਨੂੰ ਤਾਂ ਇਕ ਮਜਬੂਰੀ ਵੱਸ ਅਜਿਹਾ ਕਦਮ ਉਠਾਉਣਾ ਪੈ ਗਿਆ ਸੀ। ਪਰ ਹੁਣ ਉਸਤੋਂ ਬਾਅਦ ਪੈਦਾ ਹੋਏ ਹਾਲਾਤ ਨੂੰ ਆਪਣੇ ਹੱਕ ਵਿਚ ਕਿਵੇਂ ਭੁਗਤਾਇਆ ਜਾ ਸਕਦਾ ਹੈ, ਤਾਂ ਜੋ ਇਹਨਾਂ ਜੁਗਾਂ ਤੋਂ ਨਿਮਾਣੇ, ਨਿਤਾਣੇ, ਲਿਤਾੜੇ, ਦਬਾਏ ਗਏ ਮਨੁੱਖਾਂ ਨੂੰ ਮਨੁੱਖ ਦਾ ਦਰਜਾ ਦਿਵਾਇਆ ਜਾ ਸਕੇ। ਹਾਲਾਤ ਕਦੇ ਵੀ ਗਰੀਬ ਦੇ ਹੱਕ ਵਿਚ ਸਾਜ਼ਗਾਰ ਨਹੀਂ ਹੁੰਦੇ, ਬਣਾਉਣੇ ਪੈਂਦੇ ਹਨ। ਅੱਜ ਇਹ ਸੋਚਣ ਦਾ ਵੇਲਾ ਹੈ ਅਤੇ ਅਮਲ ਕਰਨ ਦਾ ਮੌਕਾ ਹੈ।

# 255, ਸੈਕਟਰ 15-ਏ ਚੰਡੀਗੜ੍ਹ
9726-70278 (ਮੋ:)

# ਭਗਵਾਨ ਵਾਲਮੀਕ ਟੈਂਪਲ ਦੀ ਉਸਾਰੀ ਜ਼ੋਰਾਂ ਸ਼ੋਰਾਂ ਨਾਲ




ਯੂਬਾ ਸਿਟੀ- ਮਹਾਂਰਿਸ਼ੀ ਵਾਲਮੀਕ ਸਭਾ ਕੈਲੀਫੋਰਨੀਆ (ਯੂ. ਐਸ. ਏ.) ਵੱਲੋਂ ਸਮੂਹ ਸੰਗਤਾਂ ਦੇ ਪਿਆਰ ਅਤੇ ਸਹਿਯੋਗ ਨਾਲ ਯੂਬਾ ਸਿਟੀ ਵਿਖੇ ਭਗਵਾਨ ਵਾਲਮੀਕ ਜੀ ਦੇ ਮੰਦਰ ਦੀ ਉਸਾਰੀ ਦਾ ਕੰਮ ਬਹੁਤ ਹੀ ਸ਼ਰਧਾ ਨਾਲ ਜ਼ੋਰਾਂ ਸ਼ੋਰਾਂ ਤੇ ਚੱਲ ਰਿਹਾ ਹੈ। ਸਾਰੇ ਕੈਲੀਫੋਰਨੀਆ ਦੀ ਸੰਗਤਾਂ ਵੱਲੋਂ ਮੰਦਰ ਦੀ ਉਸਾਰੀ ਲਈ ਤਨੋਂ, ਮਨੋਂ ਸ਼ਰਧਾ ਨਾਲ ਸਹਿਯੋਗ ਦਿੱਤਾ ਜਾ ਰਿਹਾ ਹੈ।

ਉਸਾਰੀ ਦਾ ਕੰਮ ਮਹਾਂਰਿਸ਼ੀ ਵਾਲਮੀਕ ਸਭਾ ਦੀ ਪੂਰੀ ਟੀਮ ਵੱਲੋਂ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਦੀ ਅਗਵਾਈ ਵਿਚ ਚਲਾਇਆ ਜਾ ਰਿਹਾ ਹੈ। ਸਭਾ ਦੇ ਪ੍ਰਧਾਨ ਸ੍ਰੀ ਪ੍ਰੇਮ ਲਾਲ ਸੌਂਧੀ ਵੱਲੋਂ ਇਹ ਵੀ ਦੱਸਿਆ ਗਿਆ ਕਿ ਅਮਰੀਕਾ ਦੀ ਧਰਤੀ 'ਤੇ ਯੂਬਾ ਸਿਟੀ ਵਿਖੇ ਇਹ ਪਹਿਲਾ ਭਗਵਾਨ ਵਾਲਮੀਕ ਮੰਦਰ ਬਣਨ ਜਾ ਰਿਹਾ ਹੈ। ਸਭਾ ਵੱਲੋਂ ਸਮੁੱਚੀਆਂ ਸੰਗਤਾਂ ਨੂੰ ਮੰਦਰ ਦੀ ਉਸਾਰੀ ਲਈ ਆਪਣੀ ਨੇਕ ਕਮਾਈ ਵਿਚੋਂ ਵੱਧ ਤੋਂ ਵੱਧ ਸੇਵਾ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ। ਸਮੁੱਚੀ ਸਭਾ ਵੱਲੋਂ ਇਹ ਵੀ ਉਮੀਦ ਜ਼ਾਹਿਰ ਕੀਤੀ ਗਈ ਕਿ ਸੰਗਤਾਂ ਦੇ ਸਹਿਯੋਗ ਸਦਕਾ ਇਸ ਸਾਲ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਨਵੇਂ ਉਸਾਰੇ ਜਾ ਰਹੇ ਮੰਦਰ ਵਿਚ ਹੀ ਮਨਾਇਆ ਜਾਵੇਗਾ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਮੀਤ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ। ਹੋਰ ਜਾਣਕਾਰੀ ਲਈ 530-751-3887 ਜਾਂ 530-674-9766 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬੈਂਕ ਵਲੋਂ ਸਰਕਾਰੀ ਸਕੂਲ ਦੇ ਬੱਚਿਆਂ ਨੂੰ 'ਪਿਊਰੀ ਫਾਈ ਵਾਟਰ ਫਿਲਟਰ' ਦਾਨ



ਮਾਹਿਲਪੁਰ (ਸ਼ਿਵ ਕੁਮਾਰ ਬਾਵਾ)- ਸਟੇਟ ਬੈਂਕ ਆਫ ਪਟਿਆਲਾ ਸ਼ਾਖਾ ਮਾਹਿਲਪੁਰ ਵਲੋਂ ਅੱਜ ਮਾਹਿਲਪੁਰ ਦੇ ਬੀ ਡੀ ਓ ਕਲੋਨੀ ਦੇ ਸਰਕਾਰੀ ਐਲੀਮੈਂਟਰੀ ਸਕੂਲ ਵਿਖੇ ਇੱਕ ਸਮਾਗਮ ਦੌਰਾਨ ਬੈਂਕ ਦੇ ਅਧਿਕਾਰੀਆਂ ਪਾਲ ਸਿੰਘ,ਕੇ ਐਸ ਅਨੰਦ,ਰਾਜਵਿੰਦਰ ਕੁਮਾਰ ਆਦਿ ਵਲੋਂ ਸਕੂਲ ਦੇ ਬੱਚਿਆਂ ਲਈ ਪੀਣ ਵਾਲੇ ਸਾਫ ਪਾਣੀ ਵਾਲਾ 'ਪਿਊਰੀ ਫਾਈ ਵਾਟਰ ਫਿਲਟਰ' ਦਾਨ ਕੀਤਾ ਗਿਆ। ਇਸ ਮੌਕੇ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਪਾਲ ਸਿੰਘ ਨੇ ਕਿਹਾ ਕਿ ਵਾਤਾਵਰਣ ਨੂੰ ਸਾਫ ਰੱਖਣ ਲਈ ਸਾਨੂੰ ਜਿਥੇ ਵੱਧ ਤੋਂ ਵੱਧ ਰੁੱਖ ਲਾਉਂਣੇ ਚਾਹੀਦੇ ਹਨ ਉਥੇ ਪੀਣ ਵਾਲੇ ਪਾਣੀ ਨੂੰ ਗੰਧਲਾ ਹੋਣ ਤੋਂ ਬਚਾਉਂਣ ਲਈ ਲੌੜੀਦੇ ਪ੍ਰਬੰਧ ਕਰਨੇ ਚਾਹੀਦੇ ਹਨ।

ਉਹਨਾਂ ਕਿਹਾ ਕਿ ਸਕੂਲੀ ਬੱਚਿਆਂ ਨੂੰ ਸਾਫ ਪੀਣ ਵਾਲਾ ਪਾਣੀ ਦੇਣ ਲਈ ਬੈਂਕ ਵਲੋਂ ਇਲਾਕੇ ਦੇ ਵੱਖ ਵੱਖ ਸਕੂਲਾ ਨੂੰ ਅਜਿਹੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਸਕੂਲ ਮੁੱਖੀ ਸਰਬਜੀਤ ਕੌਰ ਨੇ ਬੈਂਕ ਵਲੋਂ ਅਜਿਹੇ ਕਾਰਜ ਬਦਲੇ ਬੈਂਕ ਅਧਿਕਾਰੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਬੱਚਿਆਂ ਭਾਰਤੀ, ਭਾਵਨਾ, ਦੀਪੂ, ਪ੍ਰਭਜੋਤ ਸਿੰਘ, ਕਮਲਜੀਤ ਕੌਰ ਅਤੇ ਲਵਪ੍ਰੀਤ ਆਦਿ ਨੇ ਕਵਿਤਾਵਾਂ, ਗੀਤ ਅਤੇ ਸਕਿੱਟਾਂ ਪੇਸ਼ ਕਰਕੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਇਸ ਮੌਕੇ ਹੋਰਨਾ ਤੋਂ ਇਲਾਵਾ ਜਸਵੀਰ ਕੌਰ, ਸਵਿਤਾ ਰਾਣੀ, ਅੰਜੂ ਬਾਲਾ, ਅਤੇ ਮੈਡਮ ਭਾਰਤੀ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਫੋਟੋ ਕੈਪਸ਼ਨ ਬੀ ਡੀ ਓ ਕਲੋਨੀ ਮਾਹਿਲਪੁਰ ਦੇ ਸਰਕਾਰੀ ਸਕੂਲ ਦੇ ਬੱਚਿਆਂ ਨੂੰ ਸਟੇਟ ਬੈਂਕ ਆਫ ਪਟਿਆਲਾ ਸ਼ਾਖਾ ਮਾਹਿਲਪੁਰ ਦੇ ਮੈਨੇਜਰ ਬੱਚਿਆਂ ਨੂੰ ਪਿਊਰੀ ਫਾਈ ਵਾਟਰ ਫਿਲਟਰ ਦਾਨ ਕਰਦੇ ਹੋਏ।

# ਦਲਿਤ ਸਭਾਵਾਂ ਵਲੋਂ ਨਿਊਜ ਚੈਨਲ ਵਿਰੁੱਧ ਮਾਹਿਲਪੁਰ 'ਚ ਵਿਸ਼ਾਲ ਰੋਸ ਧਰਨਾ ਅਤੇ ਟ੍ਰੈਫਿਕ ਜਾਮ

ਮਾਹਿਲਪੁਰ (ਸ਼ਿਵ ਕੁਮਾਰ ਬਾਵਾ)- ਅੰਬੇਡਕਰ ਸੈਨਾ ਪੰਜਾਬ , ਗੁਰੂ ਰਵਿਦਾਸ ਫੋਰਸ ਅਤੇ ਭਾਵਾਧਸ ਪੰਜਾਬ ਸਮੇਤ ਹੋਰ ਦਲਿਤ ਸਭਾਵਾਂ ਦੇ ਆਗੂਆਂ ਵਲੋਂ ਇੱਕ ਨਿਊਜ਼ ਚੈਨਲ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਸਮੇਤ ਹੋਰ ਸੰਤ ਮਹਾਂਪੁਰਸ਼ਾਂ ਸਬੰਧੀ ਬੀਤੇ ਦਿਨੀ ਕੀਤੇ ਕੀਤੇ ਗਏ ਕੂੜ ਪ੍ਰਚਾਰ ਵਿਰੁੱਧ ਮਾਹਿਲਪੁਰ ਸ਼ਹਿਰ ਦੇ ਮੁੱਖ ਚੌਂਕ ਵਿੱਚ ਵਿਸ਼ਾਲ ਰੋਸ ਧਰਨਾ ਮਾਰਕੇ ਲਗਭਗ ਇੱਕ ਘੰਟੇ ਦੇ ਕਰੀਬ ਹੁਸ਼ਿਆਰਪੁਰ ਚੰਡੀਗੜ੍ਹ ਰੋਡ ਤੇ ਟ੍ਰੈਫਿਕ ਜਾਮ ਕੀਤਾ ਗਿਆ। ਇਸ ਧਰਨੇ ਨੂੰ ਸੰਬੋਧਨ ਕਰਦਿਆਂ ਅੰਬੇਡਕਰ ਸੈਨਾ ਪੰਜਾਬ ਜਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਕੁਲਵੰਤ ਭੂੰਨੋਂ, ਅਮਨਦੀਪ ਲੱਕੀ ਬਜਰਾਵਰ, ਰਵੀ ਬੋਧ ਬਿਲਾਸਪੁਰ, ਬਲਵਿੰਦਰ ਮਰਵਾਹਾ ਆਦਿ ਆਗੂਆਂ ਨੇ ਕਿਹਾ ਕਿ ਕੁੱਝ ਸ਼ਰਾਰਤੀ ਅਨਸਰ ਸਮਾਜ ਵਿੱਚ ਵੰਡੀਆਂ ਪਾਉਂਣ ਲਈ ਗਿਣੀਮਿਥੀ ਸ਼ਾਜਿਸ਼ ਤਹਿਤ ਸਨਮਾਨਿਤ ਗੁਰੂਆਂ, ਬੁੱਧੀਜੀਵੀ ਮਹਾਨ ਸ਼ਖਸ਼ੀਅਤਾਂ ਪ੍ਰਤੀ ਸਮੇਂ ਸਮੇਂ ਘਟੀਆ ਸ਼ਬਦਾਵਲੀ ਦੀ ਵਰਤੋਂ ਅਤੇ ਆਪ ਹੁਦਰੀਆਂ ਕਾਵਾਈਆਂ ਕਰਕੇ ਜ਼ਲੀਲ ਕਰਦੇ ਹਨ ਜੋ ਕਿ ਨਾ ਸਹਿਣਯੋਗ ਹਨ। ਉਹਨਾਂ ਕਿਹਾ ਕਿ ਗੁਰੂ ਰਵਿਦਾਸ ਜੀ ਬਾਰੇ ਨਿਊਜ ਚੈਨਲ ਵਲੋਂ ਜਿਹੜੀ ਤਸਵੀਰ ਦੋ ਸਕਿੰਡ ਲਈ ਸਕਰੀਨ ਤੇ ਦਿਖਾਈ ਗਈ ਸੀ ,ਉਸ ਨਾਲ ਦਲਿਤ ਸਮਾਜ ਸਮੇਤ ਉਹਨਾਂ ਦੀਆਂ ਭਾਵਨਾਵਾਂ ਦੀ ਕਦਰ ਕਰਨ ਵਾਲੇ ਲੋਕਾਂ ਨੂੰ ਡੂੰਘਾ ਸਦਮਾ ਲੱਗਾ ਹੈ।



ਉਹਨਾਂ ਕਿਹਾ ਕਿ ਅੰਬੇਡਕਰ ਸੈਨਾ ਸਮੇਤ ਸਮੂਹ ਦਲਿਤ ਸਭਾਵਾਂ ਉਕਤ ਚੈਨਲ ਦਾ ਵਿਰੋਧ ਕਰਦੀਆਂ ਹਨ ਅਤੇ ਸਰਕਾਰ ਤੋਂ ਮੰਗ ਕਰਦੀਆਂ ਹਨ ਕਿ ਉਕਤ ਨਿਊਜ ਚੈਨਲ ਨੂੰ ਤੁਰੰਤ ਬੰਦ ਕੀਤਾ ਜਾਵੇ ਅਤੇ ਇਸਦੇ ਮਾਲਿਕਾਂ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਹਨਾਂ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਅਜਿਹੇ ਘਟੀਆ ਸੋਚ ਵਾਲੇ ਲੋਕਾਂ ਵਿਰੁੱਧ ਤੁਰੰਤ ਕਾਰਵਾਈ ਨਾ ਕੀਤੀ ਗਈ ਤਾਂ ਉਹ ਤਿੱਖਾ ਸੰਘਰਸ਼ ਸ਼ੁਰੂ ਕਰਨਗੀਆਂ।

ਇਸ ਮੌਕੇ ਭੜਕੇ ਹੋਏ ਨੌਜਵਾਨਾ ਵਲੋਂ ਚੈਨਲ ਅਤੇ ਸਰਕਾਰ ਵਿਰੁੱਧ ਜੰਮਕੇ ਨਾਅਰੇਬਾਜੀ ਕੀਤੀ ਗਈ ਅਤੇ ਇਕ ਮੰਗ ਪੱਤਰ ਮਾਹਿਲਪੁਰ ਦੇ ਨਾਇਬ ਤਹਿਸੀਲਦਾਰ ਗੁਰਸੇਵਕ ਚੰਦ ਰਾਹੀਂ ਸਰਕਾਰ ਨੂੰ ਭੇਜਿਆ ਗਿਆ। ਇਸ ਮੌਕੇ ਹੋਰਨਾ ਤੋਂ ਇਲਾਵਾ ਅਵਤਾਰ ਸਿੰਘ ਮਸਾਣੀ, ਮੱਖਣ ਸਿੰਘ, ਮੋਹਣਾ ਹੱਲੂਵਾਲ, ਭੁਪਿੰਦਰ ਭਿੰਦਾ, ਮਦਨ ਸੰਧੂ, ਸਨੀ ਹਵੇਲੀ, ਹਰਪ੍ਰੀਤ ਸਿੰਘ, ਰੋਹਿਤ ਮੇਨਨ, ਸੰਜੀਵ ਸੂਨੀ, ਸੁਨੀਲ ਜੋਸ਼ੀ, ਬਲਵਿੰਦਰ ਭੂੰਨੋਂ, ਰਾਕੇਸ਼ ਕੁਮਾਰ,ਪ੍ਰਿਥੀ ਮਜਾਰਾ ਡਿੰਗਰੀਆਂ, ਕੁਲਵਿੰਦਰ ਜੰਡੋਲੀ, ਬਿੱਲਾ ਭੇਡੂਆ, ਗੁਰਿੰਦਰ ਨੰਗਲ, ਵਿਜੇ ਨੌਨੀਤਪੁਰ, ਸੋਨੂੰ ਭੂੰਨੋਂ ਸਮੇਤ ਵੱਡੀ ਗਿਣਤੀ ਵਿੱਚ ਆਗੂ ਹਾਜਰ ਸਨ।

# ਮੋਦੀ ਸਿੱਖ ਕਿਸਾਨਾਂ ਨੂੰ ਉਜਾੜਨ ਲਈ ਸੁਪਰੀਮ ਕੋਰਟ ਵਿਚ ਪਾਈ ਪਟੀਸ਼ਨ ਵਾਪਸ ਲਵੇ-ਧੂਤ

ਮਿਲਪੀਟਸ (ਕੈਲੀਫੋਰਨੀਆ) ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਆਗੂ ਸ: ਦਲਵਿੰਦਰ ਸਿੰਘ ਧੂਤ ਨੇ ਕਿਹਾ ਹੈ ਕਿ ਗੁਜਰਾਤ ਦੇ ਸਿਖ ਕਿਸਾਨਾਂ ਦੇ ਮਸਲੇ ਉਪਰ ਮਗਰਮੱਛ ਦੇ ਹੰਝੂ ਵਹਾਉਣ ਦੀ ਥਾਂ ਮਸਲੇ ਦੇ ਸਥਾਈ ਹਲ ਲਈ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਭੁਪਿ-ੰਦਰ ਸਿੰਘ ਹੁੱਡਾ ਦੇ ਨਕਸ਼ੇ ਕਦਮਾਂ 'ਤੇ ਚਲਦਿਆਂ ਸੁਪਰੀਮ ਕੋਰਟ ਵਿਚੋਂ ਆਪਣੀ ਪਟੀਸ਼ਨ ਵਾਪਸ ਲੈ ਲੈਣੀ ਚਾਹੀਦੀ ਹੈ। ਸ: ਧੂਤ ਨੇ ਕਿਹਾ ਕਿ ਅਗਰ ਨਰਿੰਦਰ ਮੋਦੀ ਸੁਪਰੀਮ ਕੋਰਟ ਵਿਚ ਦਾਖਲ ਆਪਣੀ ਪਟੀਸ਼ਨ ਵਾਪਸ ਨਹੀਂ ਲੈਂਦੇ ਤਾਂ ਨਰਿੰਦਰ ਮੋਦੀ ਵਲੋਂ ਗੁਜਰਾਤ ਵਿਚੋਂ ਸਿਖ ਕਿਸਾਨਾਂ ਨੂੰ ਉਜਾੜੇ ਨਾ ਜਾਣ ਦੇ ਵਾਇਦਿਆਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਸ: ਧੂਤ ਨੇ ਹਰਿਆਣਾ ਵਿੱਚ ਹੁੱਡਾ ਦੀ ਅਗਵਾਈ ਵਾਲੀ ਸੂਬਾਈ ਸਰਕਾਰ ਵੱਲੋਂ ਸੂਬੇ ਦੇ ਸਿੱਖ ਕਿਸਾਨਾਂ ਨੂੰ ਉਜਾੜੇ ਤੋਂ ਰਾਹਤ

ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਵੱਲੋਂ ਸਮੂਹ ਸੰਗਤ ਨੂੰ 21ਵੀਂ ਵਰ੍ਹੇਗੰਢ, 27 ਤੋਂ 29 ਸਤੰਬਰ 2013 ਤੱਕ ਮਨਾਏ ਜਾਣ 'ਤੇ

# ਲੱਖ ਲੱਖ ਵਧਾਈ






ਗੁਰੂ ਪਿਆਰੀ ਸਾਧ ਸੰਗਤ ਜੀ ਆਪ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੀ 21ਵੀਂ ਵਰ੍ਹੇਗੰਢ 27 ਸਤੰਬਰ 2013 ਤੋਂ ਲੈ ਕੇ 29 ਸਤੰਬਰ 2013 ਨੂੰ ਗੁਰਦੁਆਰਾ ਸਾਹਿਬ ਵਿਖੇ ਪੂਰੀ ਸ਼ਰਧਾ ਨਾਲ ਮਨਾਈ ਜਾ ਰਹੀ ਹੈ, ਜਿਸ ਵਿਚ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸ੍ਰੀ ਸੁਭਾਸ਼ ਬੰਗਾ ਅਤੇ ਸ੍ਰੀ ਅਵਤਾਰ ਸਿੰਘ ਜੱਸਲ ਦੇ ਸਮੂਹ ਪਰਿਵਾਰਾਂ ਵੱਲੋਂ ਕੀਤੀ ਜਾ ਰਹੀ ਹੈ। ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਸ਼ੁਭ ਕਾਰਜ ਵਿਚ ਆਪਣੀਆਂ ਹਾਜ਼ਰੀਆਂ ਲਗਵਾ ਕੇ ਆਪਣਾ ਜੀਵਨ ਸਫਲਾ ਕਰੋ।

## ★ ਪ੍ਰੋਗਰਾਮ ★

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਦਿਨ ਸ਼ੁੱਕਰਵਾਰ ਸਤੰਬਰ 27, 2013, ਸਵੇਰੇ 10 ਵਜੇ**

**ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਤੇ ਕੀਰਤਨ ਐਤਵਾਰ ਸਤੰਬਰ 29, 2013 ਸਵੇਰੇ 10 ਵਜੇ**

ਇਸ ਮੌਕੇ ਰਾਗੀ ਜਥੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਨੋਟ:- ਸਤੰਬਰ 29, 2013 ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ, ਜਿਸ ਦੀ ਸੇਵਾ ਸ੍ਰੀ ਸੇਵਕ ਦਾਸ ਰੱਲ੍ਹ ਅਤੇ ਸਮੂਹ ਪਰਿਵਾਰ ਵੱਲੋਂ ਕੀਤੀ ਜਾ ਰਹੀ ਹੈ।

ਸੋ, ਆਓ ਗੁਰੂ ਪਿਆਰੀ ਸਾਧ ਸੰਗਤ ਜੀ, ਸਭ ਰਲ ਮਿਲ ਕੇ ਸ਼ਰਧਾ ਪੂਰਵਕ ਸਮੂਹ ਪਰਿਵਾਰ ਸਮੇਤ ਹਾਜ਼ਰੀਆਂ ਲਗਵਾਈਏ। ਇਸ ਦੇ ਨਾਲ ਹੀ ਆਪ ਸਭ ਨੂੰ ਜਿਵੇਂ ਕਿ ਪਤਾ ਹੀ ਹੈ ਗੁਰੂ ਘਰ ਦੀ ਨਵੀਂ ਬਿਲਡਿੰਗ ਉਸਾਰੀ ਜਾ ਰਹੀ ਹੈ, ਉਸ ਵਾਸਤੇ ਆਪ ਵੱਧ ਤੋਂ ਵੱਧ ਸ਼ਰਧਾ ਨਾਲ ਵਿੱਤੀ ਯੋਗਦਾਨ ਪਾਓ ਅਤੇ ਹੋਰਨਾਂ ਨੂੰ ਵੀ ਨਿਮਰਤਾ ਸਹਿਤ ਬੇਨਤੀ ਕਰਦੇ ਰਹੀਏ। ਇਹ ਕਾਰਜ ਸੰਗਤਾਂ ਦੇ ਹੀ ਸਹਿਯੋਗ ਨਾਲ ਪੂਰੇ ਹੋ ਸਕਦੇ ਹਨ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

# ਗੁਰੂ ਘਰ 916-992-1710

Adress:
**6221-16th Street**
**Rio Linda CA 95673**

# Indo American Cultural & Sports Association (USA) and Gopio



# ਗਦਰੀ ਮੇਲਾ

**100 Year Centennial Celebration**

## ਐਤਵਾਰ, 6 ਅਕਤੂਬਰ, 2013

ਸਵੇਰੇ 7 ਵਜੇ ਤੋਂ ਸ਼ਾਮ 7 ਵਜੇ ਤੱਕ

**James Logan High School**

**1800 H Street, Union City, CA**

**Speaker:**

Richard Valle -Supervisor of Alameda
Bill Quark - Assemblyman
Carol Dutra -Union City Mayor
Ellan Corbett -Congresswomen
Michael Sueeney - Mayor of Hayward
Gurdeep Singh Ankhi





ਗਾਇਕ: ਜਤਿੰਦਰ ਜਰਗੀਆ, ਅਨੂਪ ਚੀਮਾ
ਤੇ ਕੈਲੀਫੋਰਨੀਆ ਸੰਗੀਤ
ਢਾਡੀ ਜਥਾ ਭਾਈ ਸਰਬਜੀਤ ਸਿੰਘ ਸਾਜਨ

ਇਸ ਮੌਕੇ ਗਦਰੀ ਬਾਬਿਆਂ ਬਾਰੇ ਵਿਸ਼ਾਲ ਫੋਟੋ ਨੁਮਾਇਸ਼ ਵੀ ਲਾਈ ਜਾਵੇਗੀ।

ਗਿੱਧਾ ਅਤੇ ਭੰਗੜਾ

ਮੰਚ ਸੰਚਾਲਨ: ਆਸ਼ਾ ਸ਼ਰਮਾ



ਖਾਣੇ ਦੀ ਸੇਵਾ ਭਾਈ ਕਨ੍ਹਈਆ ਸੁਸਾਇਟੀ ਵਲੋਂ

ਖੇਡਾਂ: ਕਬੱਡੀ, ਹਾਕੀ, ਸੌਕਰ ਤੇ ਵਾਲੀਬਾਲ

ਗੋਲਡਨ ਹਾਕ ਇੰਸ਼ੋਰੈਂਸ ਦੇ ਮਾਲਕ ਜਸਵੀਰ ਸਿੰਘ ਥਾਂਦੀ ਨੂੰ ਗਦਰ ਲਹਿਰ ਦੀ ਸ਼ਤਾਬਦੀ 'ਤੇ ਸਨਮਾਨਤ ਕੀਤਾ ਜਾਵੇਗਾ।

ਸਟਾਲਾਂ ਲਈ ਸੰਪਰਕ ਕਰੋ: ਅਵਤਾਰ ਸਿੰਘ ਤਾਰੀ 510-750-5152



**ਹੋਰ ਜਾਣਕਾਰੀ ਲਈ** ਕਸ਼ਮੀਰ ਸਿੰਘ ਧੁੱਗਾ 510-816-9044, ਮਹਿੰਗਾ ਸਿੰਘ ਸਰਪੰਚ 510-755-0767, ਜੀਵਨ ਜ਼ੁਤਸ਼ੀ 510-589-3702

**ਪ੍ਰਬੰਧਕ ਕਮੇਟੀ:** Mehnga Singh Sarpanch, Kashmir Singh Dhugga, Avtar Singh Tari, Manjit S. Virk, Santokh Takhar, Sukhwant Dhillon, Kamaljit Atwal, Avininder Singh, Manjit Gill, Darshan Aujla, Baljinder Singh, Jeevan Zutshi, Inder Singh, Johnpal Singh, Kulwinder (Kinda), Jagwinder Jandiala, Manjit Sandhu, Lahmber Sandhu, Bhupinder Parmar, Hardev Malhi, Arjun Malhi, Amar Singh Malhi, Kamaljit S. Dhami, Satnam Bal, Charan Singh Judg, Ajit Bal, Davinder Singh, Kuldeep Shergill, Harbhajan Phull, Parkash Singh, Ravinder Sandhu, Harjinder Ladhar, Kam Gill, Arvind Sindh, Sarpanch Avtar Sindh, Sucha Ram Bharta, Kulwant S Jagga, Ajmer Singh, Major Gakhal, Sohan Singh, Rajpal Singh

*ਸਹਿਯੋਗੀ: ਇੰਡੋ-ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ (ਕੈਲੀਫੋਰਨੀਆ), ਗਦਰ ਮੈਮੋਰੀਅਲ ਫਾਊਂਡੇਸ਼ਨ-ਅਮਰੀਕਾ, ਮੱਖਣ ਬਾਸੀ ਯੂਬਾ ਸਿਟੀ।*

**Sponsors:** Tut Brothers, Chaat Bhavan, Kumar Jewellers, Lali Tire, Prime Properties (Nick), Rana Kahlon-Subway, Garry, Hardeep Aulakh, Lachhman Singh Mangat, Gurcharan Mann-Farmers Insurance, Jagdeep Nagra, Dr. Jagtar Singh Sandhu, Chaana Construction Co., Harbhajan Dosanjh, Chatha Bros., Mehta Entertainment, Global Hawk Insurance, Jasvir Singh Thandi, Raj Bhanot, Dr. Bhupinder Bhandari, Dr. Sarabjit Hundal, Dr. Harpreet Dhillon, Dr. Romesh K Japre, Pardeep Grewal Attorney, Jaspreet Singh Attorney, Dr. Dalvir Pannu, Kashmir Hundal, Satwant Singh Broadway Landscaping, Randhir Gill (Manila), Jasvir Powar, Sarbjot Swaddi, Sukhjit Sandhu, Sandhu Brothers, San Jose Trucking School, Bhandal Trucking, A&I Trucking, Balvir Singh (Kaka), Bhaji Rana ji Santa Rosa & members, Raja Sweets & Catering, Sohal Brothers, Tandoor Restaurant, Bombay Garden, Kabila Restaurant, Moon Light Restaurant, Favorite Restaurant, Teerth Sal & Sons, Kulwant Nijjar & Brothers (PC Micro), Serai Trucking & Body Shop, Economy Trucking, Surinder Dhanoa & Team, Mountain Mike's Pizza Hayward (Kurt), Mountain Mike's Pizza Freemont, MILPITAS (Goldi), Mountain Mike's Pizza Alum Rock, Kuldeep Singh Atwal, Swijit S Atwal, Sarbjit Atwal, Travel for Less, Kuldeep Dhariwal Attoreny, Dr. Charanjit Singh Uppal DDS, West Coast Auto Repair, Radio Chardi Kala, Punjab Radio USA, Satish Kumar (Wells Fargo), Avininder All State Insurance, Inder Dosanjh, Santokh Judge, Sansar Restaurant, Amrik Chand (CPA), AI Interior Decorating Inc., GNC Rental, Bhogal Dental Group, Preet Fabric & Appliance, Security Corners, Bhindi Jewellers, Mehfil Indian Cuisine, Legend Travels, Truck & Bus Driving School, New India Bazar, Nuts & Spice Company, Anil Sikka, Indian Cash & Curry, Punkaj, Balwant S. Banka, Harpal Sangha Yuba City, Amarjeet Sangha … Lakhbir Singh Lucki, Randhawa Trucking & Randhawa Limos, Kash Fabrics, All Star Auto Repair.